3-AUG-PAGE-1.qxd 8/2/2024 8:22 PM Page 1

ਸ਼ਨੀਵਾਰ, 3 ਅਗਸਤ, 2024
19 ਸਾਉਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 63

ਨਵਾਂ ਜ਼ਮਾਨਾ

DAILY NAWAN ZAMANA • SATURDAY, 3 AUGUST, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਮਨੂ ਨਾ ਮਾਨੈ, ਤੀਜੇ ਤਮਗੇ 'ਤੇ ਅੱਖ

ਚੈਟੋਰੌਕਸ : ਦੋ ਕਾਂਸੀ ਤਮਗੇ ਜਿੱਤ ਚੁੱਕੀ ਨਿਸ਼ਾਨੇਬਾਜ਼ ਮਨੂੰ ਭਾਕਰ ਸ਼ੁੱਕਰਵਾਰ 25 ਮੀਟਰ ਸਪੋਰਟਸ ਪਿਸਟਲ ਮੁਕਾਬਲੇ ਦੇ ਫਾਈਨਲ 'ਚ ਪਹੁੰਚ ਗਈ ਅਤੇ ਉਸ ਦੀਆਂ ਨਜ਼ਰਾਂ ਹੁਣ ਉਲੰਪਿਕ 'ਚ ਤੀਜਾ ਤਮਗਾ ਜਿੱਤਣ 'ਤੇ ਹਨ। ਮਨੂੰ ਨੇ ਕੁਆਲੀਫਿਕੇਸ਼ਨ ਗੇੜ ਦੇ ਪ੍ਰੀਸਿਜ਼ਨ ਰਾਊਂਡ 'ਚ 294 ਅੰਕ ਅਤੇ ਰੈਪਿਡ ਰਾਊਂਡ 'ਚ 296 ਅੰਕਾਂ ਨਾਲ 590 ਦਾ ਸਕੋਰ ਬਣਾਉਂਦਿਆਂ ਦੂਜੇ ਸਥਾਨ 'ਤੇ ਰਹਿ ਕੇ ਫਾਈਨਲ 'ਚ ਜਗ੍ਹਾ ਬਣਾਈ। ਇਸ ਗੇੜ 'ਚ ਹੰਗਰੀ ਦੀ ਵੈਰੋਨਿਕਾ ਮੇਜਰ ਪਹਿਲੇ ਸਥਾਨ 'ਤੇ ਰਹੀ। ਫਾਈਨਲ ਮੁਕਾਬਲਾ ਸ਼ਨੀਵਾਰ ਬਾਅਦ ਦੁਪਹਿਰ ਇਕ ਵਜੇ ਸ਼ੁਰੂ ਹੋਵੇਗਾ। ਤੀਰਅੰਦਾਜ਼ ਅੰਕਿਤ ਭਗਤ ਤੇ ਧੀਰਜ ਬੋਮਾਦੇਵੜਾ ਦੀ ਮਿਕਸਡ ਜੋੜੀ ਕੁਆਰਟਰ ਫਾਈਨਲ ਵਿਚ ਸਪੇਨ ਦੀ ਜੋੜੀ ਨੂੰ



5-3 ਨਾਲ ਹਰਾ ਕੇ ਸੈਮੀਫਾਈਨਲ ਵਿਚ ਪੁੱਜ ਗਈ। ਇਸਤੋਂ ਪਹਿਲਾਂ ਇਸ ਜੋੜੀ ਨੇ ਪ੍ਰੀ-ਕੁਆਰਟਰਜ਼ ਵਿਚ ਇੰਡੋਨੇਸ਼ੀਆਈ ਦੇ ਚੋਇਰੁਨੀਸਾ ਤੇ ਆਰਿਫ ਪੰਗੇਸਤੂ ਦੀ ਜੋੜੀ ਨੂੰ 5-1 ਨਾਲ ਹਰਾਇਆ।

ਜੂਡੋ ਖਿਡਾਰੀ ਤੂਲੀਕਾ ਮਾਨ 78 ਪਲੱਸ ਕਿੱਲੋਗ੍ਰਾਮ ਮਹਿਲਾ ਮੁਕਾਬਲੇ ਦੇ ਐਲਿਮੀਨੇਸ਼ਨ ਗੇੜ 'ਚ ਕਿਊਬਾ ਦੀ ਇਡੇਲਿਸ ਓਰਟਿਜ ਤੋਂ ਹਾਰ ਕੇ ਬਾਹਰ ਹੋ ਗਈ। ਰਾਸ਼ਟਰਮੰਡਲ ਖੇਡਾਂ 2022 'ਚ ਚਾਂਦੀ ਦਾ ਤਮਗਾ ਜੇਤੂ ਤੂਲੀਕਾ ਨੂੰ ਕਿਊਬਨ ਖਿਡਾਰਨ ਹੱਥੋਂ 0-10 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਓਰਟਿਜ ਦੇ ਵਿਰੁੱਧ ਤੂਲੀਕਾ ਸਿਰਫ 28 ਸਕਿੰਟ ਹੀ ਟਿਕ ਸਕੀ। ਤੂਲੀਕਾ ਜੂਡੋ 'ਚ ਭਾਰਤ ਦਾ ਪ੍ਰਤੀਨਿਧ ਕਰਨ ਵਾਲੀ ਇੱਕੋ-ਇਕ ਖਿਡਾਰਨ ਸੀ।

ਆਸਟ੍ਰੇਲੀਆ ਨੂੰ ਉਲੰਪਿਕ 'ਚ 52 ਸਾਲ ਬਾਅਦ ਹਰਾਇਆ

3 'ਚੋਂ 2 ਗੋਲ ਹਰਮਨਪ੍ਰੀਤ ਦੇ



ਪੈਰਿਸ : ਭਾਰਤ ਨੇ ਸ਼ੁੱਕਰਵਾਰ ਉਲੰਪਿਕ ਹਾਕੀ ਵਿਚ 52 ਸਾਲ ਬਾਅਦ ਆਸਟ੍ਰੇਲੀਆ ਨੂੰ 3-2 ਨਾਲ ਹਰਾਇਆ। ਭਾਰਤ ਨੂੰ ਆਖਰੀ ਜਿੱਤ 1972 ਦੀ ਮਿਊਨਿਖ ਉਲੰਪਿਕ ਵਿਚ ਮਿਲੀ ਸੀ। ਕਪਤਾਨ ਹਰਮਨਪ੍ਰੀਤ ਸਿੰਘ ਨੇ ਦੋ ਗੋਲ ਕੀਤੇ ਤੇ ਇਕ ਗੋਲ ਅਭਿਸ਼ੇਕ ਨੇ ਕੀਤਾ। ਸਾਰੇ ਗਰੁੱਪ ਮੈਚ ਪੂਰੇ ਹੋਣ ਦੇ ਬਾਅਦ ਤੈਅ ਹੋਵੇਗਾ ਕਿ ਭਾਰਤ ਕੁਆਰਟਰਫਾਈਨਲ ਵਿਚ ਕਿਸ ਨਾਲ ਭਿੜੇਗਾ। ਭਾਰਤ ਨੇ ਪਹਿਲੇ ਕੁਆਰਟਰ ਵਿਚ ਦੋ ਗੋਲ ਕਰਕੇ ਦਬਦਬਾ ਬਣਾ ਲਿਆ ਸੀ।

ਮੈਚ ਦੇ ਬਾਰ੍ਹਵੇ ਮਿੰਟ ਵਿਚ ਅਭਿਸ਼ੇਕ ਨੇ ਰਿਬਾਊਂਡ 'ਤੇ ਗੋਲ ਕੀਤੇ। ਅਗਲੇ ਹੀ ਮਿੰਟ ਵਿਚ ਹਰਮਨਪ੍ਰੀਤ ਨੇ ਪੈਨਾਲਟੀ ਕਾਰਨਰ ਨਾਲ ਗੋਲ ਠੋਕ ਦਿੱਤਾ। ਆਸਟ੍ਰੇਲੀਆ ਦੇ ਕ੍ਰੈਗ ਥਾਮਸ ਨੇ 25ਵੇਂ ਮਿੰਟ ਵਿਚ ਪੈਨਾਲਟੀ ਕਾਰਨਰ ਨਾਲ ਇਕ ਗੋਲ ਉਤਾਰ ਦਿੱਤਾ। 32ਵੇਂ ਮਿੰਟ ਵਿਚ ਪੈਨਲਟੀ ਦਾ ਬਚਾਅ ਕਰਦਿਆਂ ਆਸਟ੍ਰੇਲੀਆ ਦਾ ਫਸਟ ਰਨਰ ਸਾਹਮਣੇ ਆ ਗਿਆ। ਭਾਰਤੀ ਖਿਡਾਰੀਆਂ ਨੇ ਰੈਫਰਲ ਮੰਗਿਆ ਤੇ ਫੀਲਡ ਅੰਪਾਇਰ ਨੂੰ ਫੈਸਲਾ ਬਦਲਣਾ ਪਿਆ। ਨਤੀਜੇ ਵਜੋਂ ਮਿਲੇ ਪੈਨਾਲਟੀ ਸਟ੍ਰੋਕ ਨੂੰ ਹਰਮਨਪ੍ਰੀਤ ਨੇ ਗੋਲ ਵਿਚ ਬਦਲਕੇ ਲੀਡ 3-1 ਦੀ ਕਰ ਦਿੱਤੀ। ਆਖਰੀ ਕੁਆਰਟਰ ਵਿਚ ਆਸਟ੍ਰੇਲੀਆ ਦੇ ਬਲੈਕ ਗੋਵਰਜ਼ ਨੇ 55ਵੇਂ ਮਿੰਟ ਵਿਚ ਗੋਲ ਕਰਕੇ ਲੀਡ ਘਟਾ ਦਿੱਤੀ। ਇਸਤੋਂ ਬਾਅਦ ਆਸਟ੍ਰੇਲੀਆ ਦੀ ਬੱਸ ਹੋ ਗਈ।

ਈ ਡੀ ਨੂੰ ਮੇਰੇ ਮਗਰ ਪਾਉਣ ਦੀ ਤਿਆਰੀ : ਰਾਹੁਲ

ਨਵੀਂ ਦਿੱਲੀ : ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਸ਼ੁੱਕਰਵਾਰ ਦਾਅਵਾ ਕੀਤਾ ਕਿ ਉਨ੍ਹਾ ਵੱਲੋਂ ਸੰਸਦ ਵਿਚ ਦਿੱਤੀ 'ਚੱਕਰਵਿਊ' ਤਕਰੀਰ ਮਗਰੋਂ ਐੱਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਉਨ੍ਹਾ ਖਿਲਾਫ ਛਾਪਾ ਮਾਰਨ ਦੀ ਤਿਆਰੀ ਕਰ ਰਹੀ ਹੈ। ਉਨ੍ਹਾ ਕਿਹਾ ਕਿ ਉਹ 'ਖੁੱਲ੍ਹੀਆਂ ਬਾਹਾਂ ਨਾਲ ਉਡੀਕ' ਕਰ ਰਹੇ ਹਨ। ਰਾਹੁਲ ਨੇ ਤੜਕੇ ਐਕਸ 'ਤੇ ਇਕ ਪੋਸਟ ਵਿਚ ਕਿਹਾ—ਸ਼ਾਇਦ, ਦੋ ਵਿੱਚੋਂ ਇਕ ਨੂੰ ਮੇਰੀ ਚੱਕਰਵਿਊ ਤਕਰੀਰ ਚੰਗੀ ਨਹੀਂ ਲੱਗੀ। ਈ ਡੀ ਵਿਚਲੇ 'ਸੂਤਰਾਂ' ਨੇ ਮੈਨੂੰ ਦੱਸਿਆ ਹੈ ਕਿ ਛਾਪੇ ਦੀ ਤਿਆਰੀ ਕੀਤੀ ਜਾ ਰਹੀ ਹੈ।

ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ—ਖੁੱਲ੍ਹੀਆਂ ਬਾਹਾਂ ਨਾਲ ਈ ਡੀ ਦੀ ਉਡੀਕ ਕਰ ਰਿਹਾ ਹਾਂ। ਚਾਹ ਤੇ ਬਿਸਕੁਟ ਮੇਰੇ ਵੱਲੋਂ। ਕਾਬਿਲੇਗੌਰ ਹੈ ਕਿ ਰਾਹੁਲ ਗਾਂਧੀ ਨੇ ਸੋਮਵਾਰ ਲੋਕ ਸਭਾ ਵਿਚ ਕੇਂਦਰੀ ਬਜਟ 'ਤੇ ਚੱਲ ਰਹੀ ਬਹਿਸ ਦੌਰਾਨ ਕਿਹਾ ਸੀ ਕਿ ਡਰ ਦਾ ਮਾਹੌਲ ਬਣਾ ਕੇ ਛੇ ਜਣਿਆਂ ਦੇ ਧੜੇ ਨੇ ਅਭਿਮੰਨਿਊ

ਵਾਂਗ ਪੂਰੇ ਹਿੰਦੂਸਤਾਨ ਨੂੰ 'ਚੱਕਰਵਿਊ' ਵਿਚ ਫਸਾਇਆ ਹੋਇਆ ਹੈ ਤੇ ਇੰਡੀਆ ਗੱਠਜੋੜ ਇਸ 'ਚੱਕਰਵਿਊ' ਨੂੰ ਤੋੜ ਦੇਵੇਗਾ। ਰਾਹੁਲ ਨੇ ਜਿਨ੍ਹਾਂ ਛੇ ਜਣਿਆਂ ਦਾ ਨਾਂ ਲਿਆ ਸੀ ਉਹ ਹਨ—ਨਰਿੰਦਰ ਮੋਦੀ, ਅਮਿਤ ਸ਼ਾਹ, ਮੋਹਨ ਭਾਗਵਤ, ਅਜੀਤ ਡੋਭਾਲ, ਅਡਾਨੀ ਤੇ ਅੰਬਾਨੀ। ਰਾਹੁਲ ਨੇ ਕਿਹਾ ਸੀ ਕਿ ਹਜ਼ਾਰਾਂ ਸਾਲ ਪਹਿਲਾਂ ਕੁਰੁਕਸ਼ੇਤਰ ਵਿਚ ਅਭਿਮੰਨਿਊ ਨੂੰ ਚੱਕਰਵਿਊ ਵਿਚ ਫਸਾ ਕੇ ਛੇ ਜਣਿਆਂ ਨੇ ਮਾਰਿਆ ਸੀ। ਚੱਕਰਵਿਊ ਦਾ ਦੂਜਾ ਨਾਂ ਹੈ ਪਦਮਵਿਊ, ਜਿਹੜਾ ਕਮਲ ਦੇ ਫੁੱਲ ਵਰਗਾ ਹੁੰਦਾ ਹੈ। ਇਸਦੇ ਅੰਦਰ ਡਰ ਤੇ ਹਿੰਸਾ ਹੁੰਦੀ ਹੈ। ਉਨ੍ਹਾ ਕਿਹਾ ਕਿ ਇੱਕੀਵੀਂ ਸਦੀ ਵਿਚ ਨਵਾਂ ਚੱਕਰਵਿਊ ਰਚਿਆ ਗਿਆ ਹੈ, ਉਹ ਵੀ ਕਮਲ ਦੇ ਫੁੱਲ ਦੇ ਰੂਪ ਵਿਚ ਤਿਆਰ ਹੋਇਆ ਹੈ। ਇਸਦਾ ਚਿੰਨ੍ਹ ਪ੍ਰਧਾਨ ਮੰਤਰੀ ਆਪਣੇ ਸੀਨੇ ਨਾਲ ਲਾ ਕੇ ਚਲਦੇ ਹਨ। ਅਭਿਮੰਨਿਊ ਦੇ ਨਾਲ ਜੋ ਹੋਇਆ, ਉਹ ਭਾਰਤ ਨਾਲ ਕੀਤਾ ਜਾ ਰਿਹਾ ਹੈ। ਦੇਸ਼ ਦੇ ਕਿਸਾਨ, ਮਜ਼ਦੂਰ ਤੇ ਨੌਜਵਾਨ ਡਰੇ ਹੋਏ ਹਨ। ਇਸੇ ਦੌਰਾਨ ਕਾਂਗਰਸੀ ਸਾਂਸਦ ਮਨੀਕਮ ਟੈਗੋਰ ਨੇ ਭਾਜਪਾ ਸਰਕਾਰ ਵੱਲੋਂ ਸਿਆਸੀ ਤੌਰ 'ਤੇ ਪ੍ਰੇਸ਼ਾਨ ਕਰਨ ਲਈ ਈ ਡੀ, ਸੀ ਬੀ ਆਈ ਤੇ ਇਨਕਮ ਟੈਕਸ ਡਿਪਾਰਟਮੈਂਟ ਦੀ ਦੁਰਵਰਤੋਂ ਕਰਨ ਨੂੰ ਲੈ ਕੇ ਕੰਮ ਰੋਕੂ ਮਤੇ ਦਾ ਨੋਟਿਸ ਦਿੱਤਾ ਹੈ। ਸ਼ਿਵ ਸੈਨਾ (ਯੂ ਬੀ ਟੀ) ਦੇ ਆਗੂ ਸੰਜੇ ਰਾਊਤ ਨੇ ਕਿਹਾ ਹੈ ਕਿ ਉਨ੍ਹਾਂ ਸਾਰੇ ਲੋਕਾਂ ਖਿਲਾਫ ਸਾਜ਼ਿਸ਼ ਹੋ ਰਹੀ ਹੈ, ਜਿਹੜੇ ਲੋਕਤੰਤਰ ਨੂੰ ਬਚਾਉਣ ਲਈ ਆਵਾਜ਼ ਉਠਾ ਰਹੇ ਹਨ। ਕੁਝ ਵੀ ਹੋ ਸਕਦਾ ਹੈ, ਸਭ 'ਤੇ ਹਮਲਾ ਹੋ ਸਕਦਾ ਹੈ, ਰਾਹੁਲ 'ਤੇ ਹਮਲਾ ਹੋ ਸਕਦਾ ਹੈ, ਕਿਉਂਕਿ ਅਪੋਜ਼ੀਸ਼ਨ ਨੇ ਰਾਹੁਲ ਦੀ ਅਗਵਾਈ ਵਿਚ ਜਿਸ ਤਰ੍ਹਾਂ ਸਰਕਾਰ ਨੂੰ ਲੰਮੇ ਹੱਥੀਂ ਲਿਆ ਹੈ, ਉਸ ਨਾਲ ਸਰਕਾਰ ਦੀ ਨੀਂਦ ਉਡ ਗਈ ਹੈ। ਸ਼ਿਵ ਸੈਨਾ (ਯੂ ਬੀ ਟੀ) ਦੀ ਆਗੂ ਪ੍ਰਿਅੰਕਾ ਚਤੁਰਵੇਦੀ ਨੇ ਕਿਹਾ ਹੈ ਕਿ ਜਦੋਂ ਸਰਕਾਰ ਡਰਦੀ ਹੈ, ਈ ਡੀ ਤੇ ਸੀ ਬੀ ਆਈ ਨੂੰ ਅੱਗੇ ਕਰ ਦਿੰਦੀ ਹੈ। ਮਹੂਆ ਮੋਇਤਰਾ, ਸੰਜੇ ਰਾਊਤ, ਸੰਜੇ ਸਿੰਘ ਤੇ ਅਰਵਿੰਦ ਕੇਜਰੀਵਾਲ ਨਾਲ ਵੀ ਅਜਿਹਾ ਕੀਤਾ ਗਿਆ। ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਕਿਹਾ ਹੈ ਕਿ ਦੇਸ਼ ਦੀ ਬਦਕਿਸਮਤੀ ਹੈ ਕਿ ਰਾਹੁਲ ਲੋਕ ਸਭਾ ਵਿਚ ਅਪੋਜ਼ੀਸ਼ਨ ਦੇ ਆਗੂ ਬਣ ਗਏ ਹਨ। ਉਹ ਦੁਨੀਆ ਤੋਂ ਜਾਤੀ ਪੁੱਛ ਰਹੇ ਹਨ ਤੇ ਆਪਣੀ ਜਾਤੀ ਦੱਸਣ ਤੋਂ ਭੱਜ ਰਹੇ ਹਨ।

ਜੱਜਾਂ ਦੇ ਕਾਫਲੇ 'ਤੇ ਹਮਲਾ

ਪੇਸ਼ਾਵਰ : ਦਹਿਸ਼ਤਗਰਦਾਂ ਨੇ ਉੱਤਰ ਪੱਛਮੀ ਪਾਕਿਸਤਾਨ ਵਿਚ ਡਿਊਟੀ ਤੋਂ ਘਰ ਪਰਤ ਰਹੇ ਜੱਜਾਂ ਦੇ ਕਾਫਲੇ 'ਤੇ ਹਮਲਾ ਕਰ ਦਿੱਤਾ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਖੈਬਰ ਪਖਤੂਨਖਵਾ ਪ੍ਰਾਂਤ ਦੇ ਡੇਰਾ ਇਸਮਾਈਲ ਖਾਨ ਦੇ ਟੈਂਕ ਜ਼ਿਲ੍ਹੇ ਦੀਆਂ ਅਦਾਲਤਾਂ ਵਿਚ ਡਿਊਟੀ ਤੋਂ ਬਾਅਦ ਜੱਜਾਂ ਦਾ ਕਾਫਲਾ ਜਦੋਂ ਘਰ ਵੱਲ ਜਾ ਰਿਹਾ ਸੀ ਤਾਂ ਮਜ਼ਬੂਤ ਸੁਰੱਖਿਆ ਦੇ ਬਾਵਜੂਦ ਦਹਿਸ਼ਤਗਰਦਾਂ ਨੇ ਘਾਤ ਲਾ ਕੇ ਹਮਲਾ ਕਰ ਦਿੱਤਾ। ਇਸ ਦੌਰਾਨ 2 ਪੁਲਸ ਕਰਮੀਆਂ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖਮੀ ਹੋ ਗਏ। ਇਸ ਗੋਲੀਬਾਰੀ ਦੌਰਾਨ ਤਿੰਨੋਂ ਜੱਜ ਸੁਰੱਖਿਅਤ ਰਹੇ।

ਟਾਈਟਲਰ ਬਾਰੇ ਫੈਸਲਾ ਟਲਿਆ

ਨਵੀਂ ਦਿੱਲੀ : ਦਿੱਲੀ ਦੀ ਅਦਾਲਤ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਪੁਲ ਬੰਗਸ਼ ਗੁਰਦੁਆਰਾ ਦੇ ਸਾਹਮਣੇ ਤਿੰਨ ਵਿਅਕਤੀਆਂ ਦੀ ਕਥਿਤ ਹੱਤਿਆ ਕਰਨ ਸੰਬੰਧਤ ਮਾਮਲੇ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵਿਰੁੱਧ ਦੋਸ਼ ਆਇਦ ਕਰਨ ਬਾਰੇ 16 ਅਗਸਤ ਨੂੰ ਫੈਸਲਾ ਸੁਣਾ ਸਕਦੀ ਹੈ। ਸੀ ਬੀ ਆਈ ਦੇ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਦੇ ਛੁੱਟੀ 'ਤੇ ਹੋਣ ਕਾਰਨ ਸ਼ੁੱਕਰਵਾਰ ਇਸ ਫੈਸਲੇ ਨੂੰ ਟਾਲ ਦਿੱਤਾ ਗਿਆ।

ਬਿਭਵ ਕੁਮਾਰ ਦੀ ਪਟੀਸ਼ਨ ਖਾਰਜ

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਦੀ ਜਸਟਿਸ ਨੀਨਾ ਬਾਂਸਲ ਕ੍ਰਿਸ਼ਨਾ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ 'ਤੇ 'ਆਪ' ਦੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ 'ਤੇ ਕਥਿਤ ਹਮਲੇ ਨਾਲ ਸੰਬੰਧਤ ਕੇਸ ਵਿਚ ਕੇਜਰੀਵਾਲ ਦੇ ਨਿੱਜੀ ਸਕੱਤਰ ਬਿਭਵ ਕੁਮਾਰ ਦੀ ਆਪਣੀ ਗ੍ਰਿਫਤਾਰੀ ਨੂੰ ਚੁਣੌਤੀ ਦਿੰਦੀ ਪਟੀਸ਼ਨ ਸ਼ੁੱਕਰਵਾਰ ਖਾਰਜ ਕਰ ਦਿੱਤੀ। ਕੁਮਾਰ, ਜੋ ਇਸ ਵੇਲੇ ਨਿਆਂਇਕ ਹਿਰਾਸਤ ਵਿਚ ਹੈ, ਨੇ 13 ਮਈ ਨੂੰ ਕੇਜਰੀਵਾਲ ਦੀ ਅਧਿਕਾਰਤ ਰਿਹਾਇਸ਼ 'ਤੇ ਮਾਲੀਵਾਲ ਉੱਤੇ ਕਥਿਤ ਹਮਲਾ ਕੀਤਾ ਸੀ। ਕੁਮਾਰ ਨੂੰ 18 ਮਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਆਸ਼ੂ ਦਾ ਈ ਡੀ ਰਿਮਾਂਡ

ਜਲੰਧਰ : ਕੋਰਟ ਨੇ ਸ਼ੁੱਕਰਵਾਰ ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਣ ਆਸ਼ੂ ਦਾ 5 ਦਿਨਾਂ ਦਾ ਈ ਡੀ ਰਿਮਾਂਡ ਦੇ ਦਿੱਤਾ। ਮਨੀ ਲਾਂਡਰਿੰਗ ਦੇ ਕੇਸ ਵਿਚ ਵੀਰਵਾਰ ਸ਼ਾਮ ਆਸ਼ੂ ਨੂੰ ਈ ਡੀ ਨੇ ਗ੍ਰਿਫਤਾਰ ਕੀਤਾ ਸੀ।

ਚੋਣ ਬਾਂਡ ਸਕੀਮ ਦੀ ਆਪਣੀ ਨਿਗਰਾਨੀ 'ਚ ਜਾਂਚ ਤੋਂ ਸੁਪਰੀਮ ਕੋਰਟ ਦੀ ਨਾਂਹ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਕੋਰਟ ਦੀ ਨਿਗਰਾਨੀ ਹੇਠ ਚੋਣ ਬਾਂਡ ਸਕੀਮ ਦੀ ਜਾਂਚ ਕਰਵਾਉਣ ਦੀ ਮੰਗ ਕਰਦੀਆਂ ਪਟੀਸ਼ਨਾਂ ਸ਼ੁੱਕਰਵਾਰ ਖਾਰਜ ਕਰ ਦਿੱਤੀਆਂ। ਚੀਫ ਜਸਟਿਸ ਡੀ ਵਾਈ ਚੰਦਰਚੂੜ ਤੇ ਜਸਟਿਸ ਜੇ ਬੀ ਪਾਰਦੀਵਾਲਾ ਦੀ ਬੈਂਚ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 32 ਤਹਿਤ ਇਸ ਪੜਾਅ 'ਤੇ ਦਖਲ ਦੇਣਾ ਗੈਰਵਾਜਬ ਤੇ ਸਮੇਂ ਤੋਂ ਪਹਿਲਾਂ ਹੋਵੇਗਾ। ਸੁਪਰੀਮ ਕੋਰਟ ਐੱਨ ਜੀ ਓ'ਜ਼—ਕੌਮਨ ਕਾਜ਼ ਤੇ ਸੈਂਟਰ ਫਾਰ ਪਬਲਿਕ ਇੰਟਰਸਟ ਲਿਟੀਗੇਸ਼ਨ (ਸੀ ਪੀ ਆਈ ਐੱਲ) ਤੇ ਹੋਰਨਾਂ ਵੱਲੋਂ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਸੀ। ਪਟੀਸ਼ਨਰਾਂ ਦਾ ਕਹਿਣਾ ਸੀ ਕਿ ਜਿਨ੍ਹਾਂ ਨੇ ਬਾਂਡ ਖਰੀਦੇ ਉਨ੍ਹਾਂ ਨੂੰ ਠੇਕੇ ਦੇ ਕੇ ਨਵਾਜਿਆ ਗਿਆ।

ਵੱਡੇ ਪੁਲਸ ਅਫਸਰਾਂ ਦੇ ਥੋਕ 'ਚ ਤਬਾਦਲੇ, ਖੱਖ ਜਲੰਧਰ ਦਿਹਾਤੀ ਦੇ ਨਵੇਂ ਐੱਸ ਐੱਸ ਪੀ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਲੋਕ ਸਭਾ ਚੋਣਾਂ ਤੋਂ ਬਾਅਦ ਪੁਲਸ ਪ੍ਰਸ਼ਾਸਨ ਵਿਚ ਵੱਡਾ ਫੇਰਬਦਲ ਕਰਦਿਆਂ 24 ਆਈ ਪੀ ਐੱਸ ਅਤੇ 4 ਪੀ ਪੀ ਐੱਸ ਅਧਿਕਾਰੀਆਂ ਦੇ ਤਬਾਦਲੇ ਕੀਤੇ ਹਨ। ਰੋਡ ਸੇਫਟੀ ਫੋਰਸ ਸਮੇਤ 14 ਜ਼ਿਲਿਆਂ ਦੇ ਐੱਸ ਐੱਸ ਪੀ ਬਦਲੇ ਗਏ ਹਨ। ਕੁਝ ਰੇਂਜ ਅਫਸਰਾਂ ਨੂੰ ਵੀ ਬਦਲਿਆ ਗਿਆ ਹੈ। ਪੋਸਟਿੰਗ ਲਈ ਉਪਲੱਬਧ ਗੁਰਪ੍ਰੀਤ ਸਿੰਘ ਭੁੱਲਰ ਨੂੰ ਆਈ ਜੀ ਪ੍ਰੋਵੀਜ਼ਨਿੰਗ ਪੰਜਾਬ, ਚੰਡੀਗੜ੍ਹ ਲਾਇਆ ਗਿਆ ਹੈ।

ਮੁਹਾਲੀ, ਪਟਿਆਲਾ, ਬਠਿੰਡਾ, ਫਾਜ਼ਿਲਕਾ, ਮਾਨਸਾ, ਮੋਗਾ, ਮਾਲੇਰਕੋਟਲਾ, ਪਠਾਨਕੋਟ, ਮੁਕਤਸਰ, ਫਰੀਦਕੋਟ, ਤਰਨਤਾਰਨ, ਬਟਾਲਾ, ਅੰਮ੍ਰਿਤਸਰ ਦਿਹਾਤੀ ਅਤੇ ਜਲੰਧਰ ਦਿਹਾਤੀ ਅਤੇ ਰੋਡ ਸੇਫਟੀ ਫੋਰਸ ਦੇ ਐੱਸ ਐੱਸ ਪੀ ਨੂੰ ਬਦਲਿਆ ਗਿਆ ਹੈ। ਆਈ ਪੀ ਐਸ ਅਧਿਕਾਰੀ ਸੰਦੀਪ ਕੁਮਾਰ ਗਰਗ ਨੂੰ ਏ ਆਈ ਜੀ ਇੰਟੈਲੀਜੈਂਸ ਪੰਜਾਬ ਲਾਇਆ ਗਿਆ ਹੈ। ਅਮਨੀਤ ਕੌਂਡਲ ਨੂੰ ਐੱਸ ਐੱਸ ਪੀ ਬਠਿੰਡਾ, ਵਰੁਣ ਸ਼ਰਮਾ ਨੂੰ ਏ ਆਈ ਜੀ ਪ੍ਰੋਵੀਜ਼ਨਿੰਗ ਪੰਜਾਬ, ਚੰਡੀਗੜ੍ਹ ਤੇ ਐੱਸ ਐੱਸ ਪੀ ਸੜਕ ਸੁਰੱਖਿਆ ਪੰਜਾਬ, ਦੀਪਕ ਪਾਰੀਕ ਨੂੰ ਐੱਸ ਐੱਸ ਪੀ ਮੁਹਾਲੀ, ਭਗੀਰਥ ਨੂੰ ਐੱਸ ਐੱਸ ਪੀ ਮਾਨਸਾ, ਗੌਰਵ ਤੂਰਾ ਨੂੰ ਐੱਸ ਐੱਸ ਪੀ ਤਰਨਤਾਰਨ, ਅੰਕੁਰ ਗੁਪਤਾ ਨੂੰ ਐੱਸ ਐੱਸ ਪੀ ਮੋਗਾ, ਸੋਹੇਲ ਕਾਸਿਮ ਨੂੰ ਐੱਸ ਐੱਸ ਪੀ ਬਠਿੰਡਾ, ਪ੍ਰਗਿਆ ਜੈਨ ਨੂੰ ਐੱਸ ਐੱਸ ਪੀ ਫਰੀਦਕੋਟ, ਤੁਸ਼ਾਰ ਗੁਪਤਾ ਨੂੰ ਐੱਸ ਐੱਸ ਪੀ ਸ੍ਰੀ ਮੁਕਤਸਰ ਸਾਹਿਬ, ਪੀ ਪੀ ਐੱਸ ਅਧਿਕਾਰੀ ਗਗਨ ਅਜੀਤ ਸਿੰਘ ਨੂੰ ਐੱਸ ਐੱਸ ਪੀ ਮਲੇਰਕੋਟਲਾ, ਦਲਜਿੰਦਰ ਸਿੰਘ ਨੂੰ ਐੱਸ ਐੱਸ ਪੀ ਪਠਾਨਕੋਟ, ਹਰਕੰਵਲਪ੍ਰੀਤ ਖੱਖ ਨੂੰ ਐੱਸ ਐੱਸ ਪੀ ਜਲੰਧਰ ਦਿਹਾਤੀ, ਵਰਿੰਦਰਪਾਲ ਸਿੰਘ ਨੂੰ ਐੱਸ ਐੱਸ ਪੀ ਫਾਜ਼ਿਲਕਾ, ਨਾਨਕ ਸਿੰਘ ਨੂੰ ਐੱਸ ਐੱਸ ਪੀ ਪਟਿਆਲਾ, ਦਰਪਨ ਆਹੂਲਵਾਲੀਆ ਨੂੰ ਸਟਾਫ ਆਫੀਸਰ ਟੂ ਡੀ ਜੀ ਪੀ ਪੰਜਾਬ, ਅਸ਼ਵਨੀ ਗੋਤਿਆਲ ਨੂੰ

3-AUG-PAGE-1.qxd 8/2/2024 8:22 PM Page 2

ਹੋਲੀ ਹਾਰਟ ਸਕੂਲ ਛਾਜਲੀ ਵਿਖੇ ਕੁਸ਼ਤੀ ਮੁਕਾਬਲੇ ਕਰਵਾਏ

ਦਿੜ੍ਹਬਾ (ਜਸਵੀਰ ਲਾਡੀ)-ਹੋਲੀ ਹਾਰਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਵਿਖੇ 68ਵੀਆਂ ਪੰਜਾਬ ਸਕੂਲ ਜ਼ੋਨ ਦੀ ਕੁਸ਼ਤੀ ਕਰਵਾਈ ਗਈ, ਜਿਸ ਵਿੱਚ ਸੁਨਾਮ ਜ਼ੋਨ ਦੇ ਵੱਖ-ਵੱਖ ਸਕੂਲਾਂ ਦੇ ਮੁੰਡੇ/ਕੁੜੀਆਂ ਨੇ ਵੱਖ ਵੱਖ ਉਮਰ ਵਰਗ ਵਿੱਚ ਭਾਗ ਲਿਆ। ਖੇਡ ਕਨਵੀਨਰ ਮੈਡਮ ਵੀਨਾ ਰਾਣੀ, ਨਵਨੀਤ ਸਿੰਘ ਡੀ ਪੀ ਈ, ਸੰਜੀਵ ਕੁਮਾਰ ਪੀ ਟੀ ਆਈ, ਲਖਵਿੰਦਰ ਸਿੰਘ ਡੀ ਪੀ ਈ ਤੇ ਰਛਪਾਲ ਸਿੰਘ ਡੀ ਪੀ ਈ ਨੇ ਖਿਡਾਰੀਆਂ ਦੇ ਕੁਸ਼ਤੀ ਮੁਕਾਬਲੇ ਕਰਵਾਏ ਹੋਲੀ ਹਾਰਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਦੇ ਖਿਡਾਰੀਆਂ ਨੇ ਸਾਰੇ ਵਰਗਾ ਦੀ ਚੈਂਪੀਅਨਸ਼ਿਪ ਪ੍ਰਾਪਤ ਕੀਤੀ ਲਗਭਗ 55 ਖਿਡਾਰੀ ਜ਼ਿਲ੍ਹਾ ਪੱਧਰੀ ਮੁਕਾਬਲੇ ਲਈ ਚੁਣੇ ਗਏ ਜੇਤੂ ਖਿਡਾਰੀਆਂ ਨੂੰ ਸਕੂਲ ਦੇ ਚੇਅਰਮੈਨ ਮਨਦੀਪ ਚੱਠਾ, ਡਾਇਰੈਕਟਰ ਅਮ੍ਰਿਤਪਾਲ ਚੱਠਾ ਤੇ ਖੇਡ ਕਮੇਟੀ ਨੇ ਮੈਡਲ ਵੰਡ ਕੇ ਸਨਮਾਨਤ ਕੀਤਾ।

ਵਾਤਾਵਰਣ ਪ੍ਰੇਮੀ ਜਸਵੀਰ ਬਦੇਸ਼ਾ ਤੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਅਵਜੀਤਪਾਲ ਦਾ ਸਨਮਾਨ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਸੱਚਖੰਡ ਵਾਸੀ ਸੰਤ ਬਾਬਾ ਜਸਵੀਰ ਸਿੰਘ ਖ਼ਾਲਸਾ ਕਾਲਾਮਾਲਾ ਸਾਹਿਬ ਵਾਲਿਆਂ ਦੇ ਚਰਨ ਸੇਵਕ ਭਾਈ ਆਗਿਆਪਾਲ ਸਿੰਘ ਖ਼ਾਲਸਾ ਦੇ ਉੱਦਮ ਸਦਕਾ ਪਿੰਡ ਬਦੇਸ਼ਾ ਵਿਖੇ ਵਿਸ਼ੇਸ਼ ਸਨਮਾਨ ਸਮਾਰੋਹ ਕਰਵਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਵੱਲੋਂ ਸ਼ਾਮਲ ਹੋਏ ਸ਼੍ਰੋਮਣੀ ਕਮੇਟੀ ਦੇ ਸਾ: ਸਕੱਤਰ ਡਾ: ਪਰਮਜੀਤ ਸਿੰਘ ਸਰੋਆ, ਪ੍ਰੈੱਸ ਕਲੱਬ ਮਹਿਲ ਕਲਾਂ ਦੇ ਸਰਪ੍ਰਸਤ ਅਵਤਾਰ ਸਿੰਘ ਅਣਖੀ ਵੱਲੋਂ ਉੱਘੇ ਸਮਾਜ ਸੇਵਕ, ਵਾਤਾਵਰਨ ਪ੍ਰੇਮੀ ਜਸਵੀਰ ਸਿੰਘ ਬਦੇਸ਼ਾ, ਅੰਤਰ ਰਾਸ਼ਟਰੀ ਕਬੱਡੀ ਖਿਡਾਰੀ ਅਵਜੀਤਪਾਲ ਸਿੰਘ ਭਾਊ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਡਾ: ਸਰੋਆ ਨੇ ਭਾਈ ਆਗਿਆਪਾਲ ਸਿੰਘ ਖ਼ਾਲਸਾ ਵੱਲੋਂ ਕੀਤੇ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਸਤਿਕਾਰਤ ਸ਼ਖਸੀਅਤਾਂ ਨੂੰ ਜਿੰਨਾ ਮਾਣ ਸਤਿਕਾਰ ਦਿੱਤਾ ਜਾਵੇ, ਉਹ ਥੋੜ੍ਹਾ ਹੀ ਹੈ।ਉਨ੍ਹਾਂ ਕਿਹਾ ਕਿ ਸਮਾਜ ਸੇਵੀ ਜਸਵੀਰ ਸਿੰਘ ਬਦੇਸ਼ਾ ਵੱਲੋਂ ਆਪਣੇ ਖੇਤਾਂ ਵਿੱਚ ਇੱਕ ਏਕੜ ਰਕਬੇ 'ਚ ਬੂਟੇ ਲਗਾ ਉਸ ਨੂੰ ਜੰਗਲ ਦਾ ਰੂਪ ਦੇ ਕੇ ਵਾਤਾਵਰਨ ਦੀ ਸੰਭਾਲ ਲਈ ਵਿਸ਼ੇਸ਼ ਉਪਰਾਲਾ ਕੀਤਾ ਗਿਆ, ਨਾਮਵਰ ਕਬੱਡੀ ਖਿਡਾਰੀ ਅਵਜੀਤਪਾਲ ਸਿੰਘ ਭਾਊ ਵੱਲੋਂ ਮਾਂ ਖੇਡ ਕਬੱਡੀ ਦੀ ਪ੍ਰਫੁੱਲਤਾ ਲਈ ਕੀਤੀ ਅਣਥੱਕ ਮਿਹਨਤ ਬਦਲੇ ਭਾਈ ਆਗਿਆਪਾਲ ਸਿੰਘ ਖ਼ਾਲਸਾ ਦੇ ਉੱਦਮ ਸਦਕਾ ਵਿਸ਼ੇਸ਼ ਮਾਣ ਸਨਮਾਨ ਦਿੱਤਾ ਗਿਆ ਹੈ।ਇਸ ਮੌਕੇ ਸੁਖਜਿੰਦਰ ਸਿੰਘ ਬਾਜਵਾ, ਬਾਬਾ ਧਰਮ ਸਿੰਘ, ਮਨਪ੍ਰੀਤ ਸਿੰਘ ਸੋਹਲ, ਭਾਈ ਪਾਲ ਸਿੰਘ, ਕੁਲਜੀਤ ਸਿੰਘ, ਪਰਮਿੰਦਰ ਸਿੰਘ, ਮਨਦੀਪ ਸਿੰਘ, ਜੈਗ ਸਿੰਘ ਆਦਿ ਹਾਜ਼ਰ ਸਨ।

ਡੀ ਏ ਵੀ ਸਕੂਲ ਦੇ ਵਿਦਿਆਰਥੀਆਂ ਦਾ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ

ਮਾਲੇਰਕੋਟਲਾ (ਅਸਗਰ ਪਰਿਹਾਰ)-ਡੀ.ਏ.ਵੀ. ਪਬਲਿਕ ਸਕੂਲ ਮਾਲੇਰਕੋਟਲਾ ਦੇ ਵਿਦਿਆਰਥੀਆਂ ਨੇ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਭੁਪਿੰਦਰ ਸ਼ਰਮਾ ਨੇ ਦੱਸਿਆ ਕਿ ਜੇਤੂ ਵਿਦਿਆਰਥੀਆਂ ਨੂੰ ਸਕੂਲ 'ਚ ਸਨਮਾਨਤ ਕੀਤਾ ਗਿਆ। ਉਨ੍ਹਾ ਦੱਸਿਆ ਕਿ ਇਹ ਖੇਡਾਂ ਡੀ.ਏ.ਵੀ. ਕਲਸਟਰ ਲੈਵਲ ਅਧੀਨ ਡੀ.ਏ.ਵੀ. ਗਲੋਬਲ ਸਕੂਲ ਪਟਿਆਲਾ ਵਿਖੇ ਕਰਵਾਈਆਂ ਗਈਆਂ, ਜਿਸ 'ਚ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੇ ਭਾਗ ਲਿਆ। ਇਸ ਦੌਰਾਨ ਬੈਡਮਿੰਟਨ ਅੰਡਰ-19 'ਚ ਵੰਸ਼ ਪ੍ਰਤਾਪ, ਦਾਨਿਸ਼, ਪ੍ਰਥਮ, ਸਕਲੇਮ ਤੇ ਵੈਭਵ ਨੇ ਗੋਲਡ ਮੈਡਲ, ਅਥਲੈਟਿਕਸ 'ਚ ਰਿਆਨ ਬੱਤਾ, ਸ਼ਾਰਟ ਪੁੱਟ 'ਚ ਵਿਸ਼ਾਲ ਕੁਮਾਰ ਨੇ ਗਲੋਡ ਮੈਡਲ, ਬੈਡਮਿੰਟਨ ਅੰਡਰ-17 ਲੜਕਿਆਂ 'ਚ ਕੇਸ਼ਵ, ਤਾਨੁਸ਼, ਅਮਾਰ, ਜਸ਼ਨ ਰਾਣਾ ਤੇ ਕੁਨਾਲ ਜੋਸ਼ੀ ਨੇ ਸਿਲਵਰ ਮੈਡਲ, ਬੈਡਮਿੰਟਨ ਅੰਡਰ-17 ਲੜਕੀਆਂ 'ਚ ਪੂਰਵੀ, ਇੰਸ਼ਾ, ਸਾਰਾ, ਮਹਿਕ ਤੇ ਧਰੂਸ਼ੀ ਨੇ ਸਿਲਵਰ ਮੈਡਲ ਕੀਤਾ। ਇਸ ਤੋਂ ਇਲਾਵਾ ਨਾਭਾ ਵਿਖੇ ਹੋਈ ਚੌਸ ਪ੍ਰਤੀਯੋਗਤਾ 'ਚ ਅੰਡਰ-17 ਲੜਕੀਆਂ 'ਚ ਕੀਰਤੀ ਜਿੰਦਲ, ਤਨਿਸ਼ਠਾ, ਗੁਰਲੀਨ ਕੌਰ, ਅਰਪਿਤਾ ਤੇ ਮਨਜੋਤ ਕੌਰ ਨੇ ਬਰੌਂਜ ਮੈਡਲ ਪ੍ਰਾਪਤ ਕੀਤਾ। ਅੰਡਰ-19 ਟੈਬਲ ਟੈਨਿਸ, ਅੰਡਰ-19 ਬੈਡਮਿੰਟਨ, ਅੰਡਰ-17 ਖੋਹ-ਖੋਹ ਲੜਕਿਆਂ ਦੀ ਟੀਮ ਤੇ ਅੰਡਰ-19 ਸਤਰੰਜ ਦੀ ਟੀਮ, ਅੰਡਰ-19 ਕਰਾਟੇ ਦੀ ਲੜਕਿਆਂ ਤੇ ਲੜਕੀਆਂ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਟੇਟ ਲੈਵਲ 'ਤੇ ਪਹੁੰਚ ਗਈ ਹੈ। ਪ੍ਰਿੰਸੀਪਲ ਭੁਪਿੰਦਰ ਸ਼ਰਮਾ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਭਵਿੱਖ ਦੇ ਮੁਕਾਬਲਿਆਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ 'ਚ ਪਿਆਰ ਤੇ ਸਦਭਾਵਨਾ ਵੀ ਪੈਦਾ ਕਰਦੇ ਹਨ।

ਸਬ-ਇੰਸਪੈਕਟਰ ਪਵਿੱਤਰ ਸਿੰਘ ਥਾਣਾ ਮਾਛੀਵਾੜਾ ਨੇ ਨਵੇਂ ਮੁਖੀ ਬਣੇ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਪੁਲਸ ਜ਼ਿਲ੍ਹਾ ਖੰਨਾ ਦੇ ਐੱਸ ਐੱਸ ਪੀ ਅਵਨੀਤ ਕੌਂਡਲ ਵੱਲੋਂ ਜਾਰੀ ਨਿਰਦੇਸ਼ਾਂ ਤਹਿਤ ਸਬ-ਇੰਸਪੈਕਟਰ ਪਵਿੱਤਰ ਸਿੰਘ ਨੂੰ ਮਾਛੀਵਾੜਾ ਥਾਣਾ ਦਾ ਨਵਾਂ ਮੁਖੀ ਨਿਯੁਕਤ ਕੀਤਾ ਹੈ ਤੇ ਇੱਥੇ ਤਾਇਨਾਤ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ ਸੇਵਾਮੁਕਤ ਹੋ ਗਏ ਹਨ। ਥਾਣਾ ਮੁਖੀ ਪਵਿੱਤਰ ਸਿੰਘ ਨੇ ਮਾਛੀਵਾੜਾ ਥਾਣਾ ਵਿਖੇ ਆਪਣਾ ਅਹੁਦਾ ਸੰਭਾਲ ਲਿਆ ਹੈ। ਸਬ-ਇੰਸਪੈਕਟਰ ਪਵਿੱਤਰ ਸਿੰਘ ਮਾਛੀਵਾੜਾ ਥਾਣਾ ਵਿੱਚ ਪਹਿਲਾਂ ਵੀ ਸਹਾਇਕ ਥਾਣੇਦਾਰ ਵਜੋਂ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ ਤੇ ਇਲਾਕੇ ਤੋਂ ਪੂਰੀ ਤਰ੍ਹਾਂ ਜਾਣੂ ਹਨ। ਅਹੁਦਾ ਸੰਭਾਲਣ ਉਪਰੰਤ ਸਬ-ਇੰਸਪੈਕਟਰ ਪਵਿੱਤਰ ਸਿੰਘ ਨੇ ਮਾਛੀਵਾੜਾ ਪੁਲਸ ਥਾਣਾ ਵਿਖੇ ਤਾਇਨਾਤ ਸਟਾਫ਼ ਨਾਲ ਮੀਟਿੰਗ ਕੀਤੀ।

ਅਕੇਡੀਆ ਵਰਲਡ ਸਕੂਲ 'ਚ ਪੰਜਾਬੀ ਭਾਸ਼ਣ ਮੁਕਾਬਲੇ ਕਰਵਾਏ

ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਸੁਨਾਮ ਇਲਾਕੇ ਦੀ ਮਾਣ-ਮੱਤੀ ਵਿੱਦਿਅਕ ਸੰਸਥਾ ਅਕੇਡੀਆ ਵਰਲ੍ਹਡ ਸਕੂਲ ਵਿਖੇ ਜਮਾਤ ਤੀਜੀ ਦੇ 'ਪੰਜਾਬੀ ਭਾਸ਼ਣ ਮੁਕਾਬਲੇ' ਕਰਵਾਏ ਗਏ।ਇਹ ਮੁਕਾਬਲਾ ਦੋ ਗਰੁੱਪਾਂ (ਲਾਇਲੈਕ, ਐਸਟਰ) ਵਿੱਚ ਕਰਵਾਇਆ ਗਿਆ।ਇਸ ਮੁਕਾਬਲੇ ਦੀ ਤਿਆਰੀ ਪੰਜਾਬੀ ਅਧਿਆਪਕਾ ਮਿਸ ਮੀਨੂੰ ਵੱਲੋਂ ਕਰਵਾਈ ਗਈ।ਇਹ ਮੁਕਾਬਲੇ ਦੋ ਰਾਊਂਡ ਵਿੱਚ ਕਰਵਾਏ ਗਏ, ਜਿਸ ਵਿੱਚ 14 ਵਿਦਿਆਰਥੀਆਂ ਜਸ਼ਨੂਰ, ਨੂਰ ਨੀਆਜ਼, ਚਾਹਤ ਗੁਪਤਾ, ਅਗਮਜੋਤ ਕੰਬੋਜ, ਲਵਨੀਤ, ਸਾਰਿਕਾ, ਸਮਰ, ਉਦੈਵੀਰ, ਲਕਸ਼ਪ੍ਰਤਾਪ, ਫਤਿਹ ਵੀਰ, ਅਗਮਪ੍ਰੀਤ ਕੌਰ, ਹੈਰਿਕ, ਪਰਨਿਕਾ ਪੁਰੀ, ਜਯੰਤ ਜੈਨ ਨੂੰ ਫਾਈਨਲ ਮੁਕਾਬਲੇ ਲਈ ਚੁਣਿਆ ਗਿਆ।ਇਸ ਮੁਕਾਬਲੇ ਵਿੱਚ ਜੱਜ ਦੀ ਭੂਮਿਕਾ ਮਿਸ ਰੁਪਿੰਦਰ ਕੌਰ ਵੱਲੋਂ ਨਿਭਾਈ ਗਈ।ਇਹ ਮੁਕਾਬਲਾ ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਦੀ ਨਿਗਰਾਨੀ ਹੇਠ ਕਰਵਾਇਆ ਗਿਆ।ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਚਾਹਤ ਗੁਪਤਾ (ਐਸਟਰ) ਦੂਜਾ ਸਥਾਨ ਲਕਸ਼ਪ੍ਰਤਾਪ ਸਿੰਘ (ਲਾਇਲੈਕ) ਤੇ ਤੀਜਾ ਸਥਾਨ ਅਗਮਜੋਤ ਕੰਬੋਜ (ਐਸਟਰ) ਨੇ ਹਾਸਲ ਕੀਤਾ।ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਵੱਲੋਂ ਜੇਤੂ ਬੱਚਿਆਂ ਨੂੰ ਸਰਟੀਫਿਕੇਟ ਦਿੱਤੇ ਗਏ ਤੇ ਉਨ੍ਹਾਂ ਨੇ ਬੱਚਿਆਂ ਨੂੰ ਵਧਾਈ ਦਿੰਦਿਆਂ ਹੌਸਲਾ ਅਫ਼ਜ਼ਾਈ ਕੀਤੀ।ਸਕੂਲ ਦੇ ਚੇਅਰਮੈਨ ਸਰ ਗਗਨਦੀਪ ਸਿੰਘ ਅਨੁਸਾਰ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਦਾ ਆਤਮ ਵਿਸ਼ਵਾਸ ਵਧਾਉਂਦੇ ਹਨ ਅਤੇ ਉਨ੍ਹਾਂ ਨੂੰ ਇੱਕ ਚੰਗਾ ਪਲੇਟਫਾਰਮ ਦਿੰਦੇ ਹਨ।ਉਨ੍ਹਾਂ ਬੱਚਿਆਂ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ।

ਗੁਰਸ਼ਰਨ ਕੌਰ ਰੰਧਾਵਾ ਵੱਲੋਂ ਸ਼ਾਹੀ-ਏ-ਲਿਬਾਸ ਬੁਟੀਕ ਦਾ ਉਦਘਾਟਨ

ਪਟਿਆਲਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਅਰਬਨ ਸਟੇਟ ਪਟਿਆਲਾ ਦੇ ਫੇਸ ਵਨ ਵਿੱਚ ਨਵੀਂ ਖੁੱਲ੍ਹੀ ਬੁਟੀਕ ਸ਼ਾਹੀ-ਏ-ਲਿਬਾਸ ਦਾ ਉਦਘਾਟਨ ਮੈਡਮ ਗੁਰਸ਼ਰਨ ਕੌਰ ਰੰਧਾਵਾ ਪ੍ਰਧਾਨ ਮਹਿਲਾ ਕਾਂਗਰਸ ਪੰਜਾਬ ਨੇ ਕੀਤਾ।ਬੁਟੀਕ ਦੀ ਮਾਲਕ ਜਸ਼ਨਪੁਨੀਤ ਕੌਰ ਹੰਜਰਾ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਔਰਤਾਂ ਅੱਜ ਹਰ ਖੇਤਰ ਵਿੱਚ ਮਰਦ ਨਾਲੋਂ ਅੱਗੇ ਚੱਲ ਰਹੀਆਂ ਹਨ, ਚਾਹੇ ਉਹ ਵਪਾਰ ਦਾ ਖੇਤਰ ਹੀ ਕਿਉਂ ਨਾ ਹੋਵੇ।ਉਨ੍ਹਾ ਕਿਹਾ ਕਿ ਉਹ ਔਰਤਾਂ ਵਧਾਈ ਦੀਆਂ ਪਾਤਰ ਹਨ, ਜੋ ਆਪਣੇ ਪੈਰਾਂ 'ਤੇ ਖੜਾ ਹੋ ਕੇ ਸਮਾਜ ਨੂੰ ਸੇਧ ਦਿੰਦੀਆਂ ਹਨ ਕਿ ਔਰਤਾਂ ਮਰਦਾਂ ਨਾਲੋਂ ਘੱਟ ਨਹੀਂ ਹਨ।ਅੱਜ ਦੇ ਦੌਰ ਵਿੱਚ ਔਰਤਾਂ ਖੇਡਾਂ, ਵਪਾਰ, ਸਿੱਖਿਆ ਤੇ ਹਰੇਕ ਖੇਤਰ ਵਿੱਚ ਵੱਡੀਆਂ ਮੱਲਾਂ ਮਾਰ ਰਹੀਆਂ ਹਨ।ਉਨ੍ਹਾਂ ਔਰਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਰਾਜਨੀਤੀ ਦੇ ਖੇਤਰ ਵਿੱਚ ਵੀ ਵੱਧ ਤੋਂ ਵੱਧ ਪੈਰ ਧਰਨ ਤਾਂ ਜੋ ਸਮਾਜ ਵਿਚਲੇ ਫੈਲੇ ਕੁਰੱਪਸ਼ਨ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕਰਕੇ ਪੰਜਾਬ ਨੂੰ ਫਿਰ ਤੋਂ ਸੋਨੇ ਦੀ ਚਿੜੀਆ ਬਣਾਇਆ ਜਾ ਸਕੇ।ਇਸ ਮੌਕੇ ਸ਼ਾਹੀ-ਏ-ਲਿਬਾਸ ਦੀ ਮਾਲਕ ਜਸ਼ਨਪੁਨੀਤ ਕੌਰ ਹੰਜਰਾ ਨੇ ਮੈਡਮ ਗੁਰਸ਼ਰਨ ਕੌਰ ਦਾ ਬੁਟੀਕ ਦਾ ਉਦਘਾਟਨ ਕਰਨ ਲਈ ਧੰਨਵਾਦ ਕੀਤਾ ਤੇ ਉਦਘਾਟਨ ਵਿੱਚ ਸ਼ਾਮਲ ਸਾਰੀਆਂ ਔਰਤਾਂ ਨੂੰ ਜੀ ਆਇਆਂ ਆਖਿਆ।ਇਸ ਮੌਕੇ ਮਨਦੀਪ ਚੌਹਾਨ ਮੈਂਬਰ ਬਲਾਕ ਸੰਮਤੀ ਸਮਾਣਾ ਸੂਲਰ, ਗੁਰਪ੍ਰੀਤ ਕੌਰ, ਵਿਕਰਮਜੀਤ ਸਿੰਘ ਹੰਜਰਾ, ਡਾਕਟਰ ਮਨਪ੍ਰੀਤ ਸਿੰਘ, ਹਰਪ੍ਰੀਤ ਕੌਰ, ਬੱਬੂ ਚੀਮਾ, ਗੁਰਜੀਤ ਕੌਰ ਐਡਵੋਕੇਟ ਤੋਂ ਇਲਾਵਾ ਬਹੁਤ ਸਾਰੀਆਂ ਔਰਤਾਂ ਹਾਜ਼ਰ ਸਨ।

ਸੰਜੀਵ ਸ਼ਰਮਾ ਕਾਲੂ ਨੇ ਨਗਰ ਨਿਗਮ ਨੂੰ ਲਗਾਇਆ ਤਾਲਾ

■ ਪੁਲਸ ਨੇ ਮੌਕੇ 'ਤੇ ਹੀ ਕੀਤਾ ਗ੍ਰਿਫ਼ਤਾਰ

ਸੰਜੀਵ ਸ਼ਰਮਾ ਕਾਲੂ ਦੀ ਅਗਵਾਈ ਹੇਠ ਨਗਰ ਨਿਗਮ ਦੇ ਬਾਹਰ ਧਰਨਾ ਦਿੰਦੇ ਹੋਏ ਸੈਂਕੜੇ ਸਾਥੀ।

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਯੂਥ ਕਾਂਗਰਸ ਪਟਿਆਲਾ ਜ਼ਿਲ੍ਹਾ ਦੇ ਪ੍ਰਧਾਨ ਸੰਜੀਵ ਸ਼ਰਮਾ ਕਾਲੂ ਵੱਲੋਂ ਸ਼ੁਕੱਰਵਾਰ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਆਪਣੇ ਹਲਕੇ ਵਿੱਚ ਪਿਛਲੇ ਦਿਨੀਂ ਡਾਇਰੀਆ ਫੈਲਣ ਨਾਲ ਹੋਈਆਂ 2 ਮੌਤਾਂ ਤੇ ਨਿਗਰ ਨਿਗਮ ਅਤੇ ਇਸ ਦੇ ਅਫਸਰਾਂ ਦੀ ਢਿੱਲੀ ਕਾਰਗੁਜ਼ਾਰੀ ਦੇ ਮੱਦੇਨਜ਼ਰ ਆਪਣੇ ਸੈਂਕੜੇ ਸਾਥੀਆਂ ਸਮੇਤ ਨਗਰ ਨਿਗਮ ਦੇ ਬਾਹਰ ਧਰਨਾ ਦੇ ਕੇ ਪਿੱਟ ਸਿਆਪਾ ਕੀਤਾ।ਇਸ ਮੌਕੇ ਸੰਜੀਵ ਕਾਲੂ ਨੇ ਬੋਲਦਿਆਂ ਕਿਹਾ ਕਿ ਆਪ ਸਰਕਾਰ ਤੇ ਨਗਰ ਨਿਗਮ ਦਾ ਪੂਰੇ ਪਟਿਆਲਾ ਵਿੱਚ ਬਹੁਤ ਬੁਰਾ ਹਾਲ ਹੈ।ਪਿਛਲੇ ਦਿਨੀਂ ਸਿਹਤ ਮੰਤਰੀ ਦੇ ਆਪਣੇ ਹਲਕੇ ਦੇ ਕਈ ਇਲਾਕਿਆਂ ਵਿੱਚ ਡਾਇਰੀਆ ਫੈਲ ਗਿਆ ਤੇ ਦੂਸ਼ਿਤ ਪਾਣੀ ਪੀਣ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ 300 ਦੇ ਕਰੀਬ ਵਿਅਕਤੀ, ਬੱਚੇ ਤੇ ਔਰਤਾਂ ਬਿਮਾਰ ਹੋ ਕੇ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਹੋਏ।ਉਨ੍ਹਾ ਕਿਹਾ ਕਿ ਆਪ ਸਰਕਾਰ ਪੰਜਾਬ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ।ਸਮੁੱਚੇ ਪਟਿਆਲਾ ਵਿੱਚ ਸੜਕਾਂ ਤੇ ਨਾਲੀਆਂ ਟੁੱਟੀਆਂ ਪਈਆਂ ਹਨ, ਟੁੱਟੀਆਂ ਸੜਕਾਂ ਕਾਰਨ ਵਪਾਰੀ ਵਰਗ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ ਅਤੇ ਸਕੂਲੀ ਬੱਚਿਆਂ ਨੂੰ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਧਰਨੇ ਉਪਰੰਤ ਸੰਜੀਵ ਸ਼ਰਮਾ ਕਾਲੂ ਤੇ ਉਨ੍ਹਾਂ ਦੇ ਸਾਥੀਆਂ ਨੇ ਨਗਰ ਨਿਗਮ ਨੂੰ ਤਾਲਾ ਲਗਾ ਕੇ ਆਪਣਾ ਰੋਸ ਜ਼ਾਹਰ ਕੀਤਾ।ਇਸ ਮੌਕੇ ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਸੰਜੀਵ ਕਾਲੂ ਨੂੰ ਗ੍ਰਿਫ਼ਤਾਰ ਕਰਕੇ ਅਫਸਰ ਕਲੋਨੀ ਪੁਲਸ ਚੌਕੀ ਵਿੱਚ ਲੈ ਗਏ, ਜਿਸ ਉਪਰੰਤ ਸਮੁੱਚੀ ਯੂਥ ਕਾਂਗਰਸ ਦੇ ਆਗੂਆਂ ਨੇ ਪੁਲਸ ਦੀ ਇਸ ਕਾਰਵਾਈ ਦੀ ਸਖਤ ਨਿੰਦਾ ਕੀਤੀ।

ਇਸ ਮੌਕੇ ਕੌਂਸਲਰ ਸੇਵਕ ਸਿੰਘ ਝਿੱਲ, ਕੌਂਸਲਰ ਅਮਰਪ੍ਰੀਤ ਸਿੰਘ ਬੋਬੀ ਕੌਂਸਲਰ, ਹਰਦੀਪ ਸਿੰਘ ਖਹਿਰਾ ਕੌਂਸਲਰ, ਅਰੁਣ ਤਿਵਾਰੀ ਕੌਂਸਲਰ, ਮੀਤ ਪ੍ਰਧਾਨ ਭੁਵੇਸ਼ ਤਿਵਾਰੀ, ਯੂਥ ਕਾਂਗਰਸ ਹਲਕਾ ਦਿਹਾਤੀ ਦੇ ਪ੍ਰਧਾਨ ਮਾਧਵ ਸਿੰਗਲਾ, ਪਟਿਆਲਾ ਸ਼ਹਿਰੀ ਪ੍ਰਧਾਨ ਅਭਿਨਵ ਸ਼ਰਮਾ, ਗੁਰਮੀਤ ਸਿੰਘ ਚੌਹਾਨ ਚੇਅਰਮੈਨ ਬੀ ਸੀ ਸੈੱਲ, ਗੁਰਮੀਤ ਸਿੰਘ, ਪ੍ਰਵੀਨ ਰਾਵਤ, ਜੋਗਿੰਦਰ ਸਿੰਘ ਕਾਕੜਾ ਹਲਕਾ ਸਨੌਰ, ਤਨੁਜ ਮੋਦੀ, ਕਰਮਜੀਤ ਲਚਕਾਣੀ, ਮਨਜੀਤ ਲੌਟ, ਅਭਿਨਵ ਬਾਂਸਲ, ਲੁਗੇਸ਼ ਬਾਂਸਲ, ਰੋਹਿਤ ਗੋਇਲ, ਰਜਿੰਦਰ ਸਿੰਘ ਰਾਣਾ, ਰੀਧਮ ਸ਼ਰਮਾ, ਕੁਲਦੀਪ ਖੰਡੋਲੀ, ਯਾਦਵਿੰਦਰ ਧੀਮਾਨ, ਸੰਜੇ ਹੰਸ, ਮਨਿੰਦਰ ਸਿੰਘ, ਸੂਚਾ ਸਿੰਘ, ਵਿਵੇਕ ਸ਼ਰਮਾ, ਦਿਪਾਂਸ਼ੂ ਬਾ

3-Aug-PAGE-3.qxd 8/2/2024 8:32 PM Page 1

ਰੋਸ ਮਾਰਚ ਦੌਰਾਨ ਕਿਸਾਨਾਂ ਤੇ ਮਜ਼ਦੂਰਾਂ ਨੇ ਕੇਂਦਰ, ਹਰਿਆਣਾ ਤੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ: ਚੁਤਾਲਾ, ਮਾਸਾਣੀਆ

ਗੁਰਦਾਸਪੁਰ (ਜਨਕ ਮਹਾਜਨ)–ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਵੱਲੋਂ ਰੋਡ ਮਾਰਚ ਕਰਕੇ ਜ਼ਿਲ੍ਹਾ ਹੈੱਡ ਕੁਆਰਟਰ ਅੱਗੇ ਕੇਂਦਰ, ਹਰਿਆਣਾ, ਪੰਜਾਬ ਸਰਕਾਰ ਦੇ ਪੁਤਲੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਦੀ ਰਹਿਨੁਮਾਈ ਹੇਠ ਵੱਖ-ਵੱਖ ਜਥੇਬੰਦੀਆਂ ਵੱਲੋਂ ਪੁਤਲੇ ਫੂਕੇ ਗਏ। ਇਸ ਮੌਕੇ ਸੂਬਾ ਆਗੂ ਸਵਿੰਦਰ ਸਿੰਘ ਚੁਤਾਲਾ, ਹਰਵਿੰਦਰ ਸਿੰਘ ਮਾਸਾਣੀਆ, ਲਖਵਿੰਦਰ ਸਿੰਘ ਵਰਿਆਮ, ਸੁਖਦੇਵ ਸਿੰਘ ਭੋਜਰਾਜ, ਸਤਨਾਮ ਸਿੰਘ ਬਾਗੜੀਆਂ, ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਭਾਜਪਾ ਸਰਕਾਰ ਕਿਸਾਨਾਂ ਦੀਆਂ ਹੱਕੀ ਮੰਗਾਂ ਬਾਰੇ ਬਿਲਕੁੱਲ ਵੀ ਧਿਆਨ ਨਹੀਂ ਦੇ ਰਹੀ।ਪੰਜ ਮਹੀਨੇ ਤੋਂ ਵੱਧ ਸਮਾਂ ਕਿਸਾਨਾਂ ਮਜ਼ਦੂਰਾਂ ਨੂੰ ਹਰਿਆਣਾ ਦੇ ਬਾਡਰਾਂ ਤੇ ਗਰਮੀ ਸਰਦੀ ਵਿੱਚ ਆਪਣੇ ਹੱਕ ਲੈਣ ਲਈ ਬੈਠਿਆਂ ਨੂੰ ਹੋ ਗਏ ਹਨ।ਦੋ ਦਰਜਨ ਤੋਂ ਵੱਧ ਸਾਡੇ ਆਗੂ ਸ਼ਹੀਦ ਹੋ ਗਏ ਹਨ।ਅਜੇ ਤੱਕ ਇੱਕ ਵੀ ਬਿਆਨ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਨਹੀਂ ਆਇਆ।ਸੂਬੇ ਦਾ ਮੁੱਖ ਮੰਤਰੀ ਭਗਵੰਤ ਮਾਨ ਵੀ ਕੇਂਦਰ ਦਾ ਝੋਲੀ ਚੁੱਕ ਬਣ ਕੇ ਕਿਸਾਨਾਂ ਦੇ ਹਿੱਤਾਂ ਦੀ ਗੱਲ ਨਹੀਂ ਕਰਦਾ।ਹੁਣ ਜੋ ਬਜ਼ਟ ਪੇਸ਼ ਕੀਤਾ ਗਿਆ ਹੈ।ਇਸ ਵਿੱਚ ਵੀ ਕਿਸਾਨਾਂ ਅਤੇ ਖੇਤੀ ਖੇਤਰ ਵਾਸਤੇ ਕੁੱਝ ਵੀ ਨਹੀਂ ਹੈ।ਇਸ ਨੂੰ ਅਸੀਂ ਕਿਸਾਨ ਵਿਰੋਧੀ,ਖੇਤ, ਮਜ਼ਦੂਰ ਵਿਰੋਧੀ, ਗਰੀਬਾਂ, ਛੋਟੇ ਦੁਕਨਦਾਰਾਂ ਲਈ ਘਾਤਕ ਅਤੇ ਕਾਰਪੋਰੇਟ ਪੱਖੀ ਜਾਣ ਕੇ ਇਸ ਬਜ਼ਟ ਦਾ ਵਿਰੋਧ ਕਰਦੇ ਹਾਂ ਤੇ ਇਸ ਨੂੰ ਰੱਦ ਕਰਦੇ ਹਾਂ।ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਹੋਰ ਵੱਡਿਆਂ ਕਰਨਾ ਚਾਹੁੰਦੀ ਹੈ। ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ, ਜ਼ਿਲ੍ਹਾ ਪ੍ਰੈਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ , ਹਰਭਜਨ ਸਿੰਘ ਵੈਰੋਨੰਗਲ, ਬੀਬੀ ਸੁਖਦੇਵ ਕੌਰ ਪ੍ਰਧਾਨ ਨੇ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਨੇ ਬਹਾਦਰੀ ਪੁਰਸਕਾਰ ਵਾਸਤੇ ਜਿਹੜੀਆਂ ਸਿਫ਼ਾਰਸ਼ਾਂ ਰਾਸ਼ਟਰਪਤੀ ਨੂੰ ਕੀਤੀਆਂ ਗਈਆਂ ਹਨ ਇਹ ਉਨਾਂ ਪੁਲਸ ਅਧਿਕਾਰੀਆਂ ਲਈ ਹਨ ਜਿਨ੍ਹਾਂ ਨੇ ਸ਼ੰਭੂ ਅਤੇ ਖਨੌਰੀ ਦੇ ਬਾਰਡਰਾਂ 'ਤੇ ਬਿਨਾਂ ਕਿਸੇ ਕਸੂਰ ਦੇ ਕਿਸਾਨਾਂ ਮਜ਼ਦੂਰਾਂ ਉਪਰ ਅੰਨ੍ਹੇਵਾਹ ਗੋਲੀਆਂ ਚਲਾਈਆਂ, ਗੋਲੇ ਸੁੱਟੇ।ਇਸੇ ਤਹਿਤ ਅੱਜ ਕੇਂਦਰ, ਹਰਿਆਣਾ ਅਤੇ ਪੰਜਾਬ ਸਰਕਾਰ ਦੇ ਜ਼ਿਲ੍ਹਾ ਹੈੱਡਕੁਆਰਟਰਾਂ ਅੱਗੇ ਸਰਕਾਰਾਂ ਦੇ ਪੁਤਲੇ ਫੂਕੇ ਅਤੇ ਮੋਟਰਸਾਈਕਲ ਮਾਰਚ ਕੱਢਿਆ ।ਭਗਵੰਤ ਮਾਨ ਸਰਕਾਰ ਜੋ ਕੇਂਦਰ ਦੇ ਇਸ਼ਾਰੇ ਤੇ ਪੰਜਾਬ ਵਿੱਚ ਚਿੱਪ ਵਾਲੇ ਬਿਜਲੀ ਦੇ ਮੀਟਰ ਲਾਉਣ ਜਾ ਰਹੀ ਹੈ।ਇਹ ਆਉਣ ਵਾਲੇ ਸਮੇਂ ਵਿੱਚ ਲੋਕਾਂ ਲਈ ਬਹੁਤ ਮਾਰੂ ਸਾਬਤ ਹੋਣਗੇ।ਅਸੀਂ ਇਸ ਕਾਰਪੋਰੇਟ ਪੱਖੀ ਨੀਤੀ ਨੂੰ ਲਾਗੂ ਨਹੀਂ ਹੋਣ ਦੇਵਾਂਗੇ। ਇਸ ਮੌਕੇ ਜ਼ੋਨ ਪ੍ਰਧਾਨ ਸੁਖਵਿੰਦਰ ਸਿੰਘ ਅੱਲੜ ਪਿੰਡੀ, ਸੁਖਜਿੰਦਰ ਸਿੰਘ ਗੋਤ, ਸਤਨਾਮ ਸਿੰਘ ਖਜਾਨਚੀ, ਕੁਲਜੀਤ ਸਿੰਘ ਹਯਾਤ ਨਗਰ, ਜਤਿੰਦਰ ਸਿੰਘ ਵਰ੍ਹਿਆਂ, ਹਰਵਿੰਦਰ ਸਿੰਘ ਮੱਲ੍ਹੀ, ਬਾਬਾ ਸੁਖਵੰਤ ਸਿੰਘ,ਕਰਨੈਲ ਸਿੰਘ ਆਦੀ, ਗੁਰਪ੍ਰੀਤ ਸਿੰਘ ਗੋਪੀ, ਰਣਜੀਤ ਸਿੰਘ ਚੰਦਰਭਾਨ, ਵੱਸਣ ਸਿੰਘ ਪੀਰਾਂ ਬਾਗ਼, ਨਿਸ਼ਾਨ ਸਿੰਘ ਪ੍ਰਧਾਨ, ਬਾਬਾ ਸੁਖਦੇਵ ਸਿੰਘ, ਬੀਬੀ ਮਨਜਿੰਦਰ ਕੌਰ, ਬੀਬੀ ਅਮਰਜੀਤ ਕੌਰ ਆਦਿ ਆਗੂ ਹਾਜ਼ਰ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਪਿੰਡ ਦੁੱਬਲੀ 'ਚ ਹੰਗਾਮੀ ਮੀਟਿੰਗ

ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)– ਵਿਧਾਨ ਸਭਾ ਹਲਕਾ ਪੱਟੀ ਅਧੀਨ ਪੈਂਦੇ ਪਿੰਡ ਦੁੱਬਲੀ ਵਿਖੇ ਸਾਬਕਾ ਐੱਮ. ਐੱਲ. ਏ. ਜਥੇਦਾਰ ਵਿਰਸਾ ਸਿੰਘ ਵਲਟੋਹਾ ਨੇ ਸਵਰਗਵਾਸੀ ਸਾਬਕਾ ਚੇਅਰਮੈਨ ਛਤਰਪਾਲ ਸਿੰਘ ਦੁੱਬਲੀ ਦੇ ਸਪੁੱਤਰ ਬਲਰਾਜ ਸਿੰਘ ਦੁੱਬਲੀ ਦੀ ਅਗਵਾਈ ਹੇਠ ਪਿੰਡ ਦੁੱਬਲੀ ਵਿਖੇ ਵਿਸ਼ੇਸ਼ ਮੀਟਿੰਗ ਕੀਤੀ।ਇਸ ਮੌਕੇ ਵਲਟੋਹਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇੱਕ ਪੰਥਕ ਪਾਰਟੀ ਹੈ ਅਤੇ ਮਾਝੇ ਦੀ ਧਰਤੀ ਗੁਰੂਆਂ ਦੀ ਧਰਤੀ ਹੈ ਉਨ੍ਹਾਂ ਨੇ ਕਿਹਾ ਕਿ ਸਮਾਂ ਹਮੇਸ਼ਾ ਇੱਕੋ ਜਿਹਾ ਨਹੀਂ ਰਹਿੰਦਾ, ਇਹ ਬਦਲਦਾ ਰਹਿੰਦਾ ਹੈ।ਮਾਝਾ ਅਕਾਲੀ ਦਲ ਦਾ ਗੜ੍ਹ ਮੰਨਿਆਂ ਜਾਂਦਾ ਸੀ ਅਤੇ ਅੱਜ ਵੀ ਮਾਝੇ ਦੇ ਲੋਕ ਪੰਥਕ ਪਾਰਟੀ ਨੂੰ ਪਸੰਦ ਕਰਦੇ ਹਨ ਪਰ ਕੇਜਰੀਵਾਲ ਨੇ ਪੰਜਾਬ ਦੇ ਭੋਲੇ ਭਾਲੇ ਲੋਕਾਂ ਨੂੰ ਆਪਣੇ ਝੂਠੇ ਪ੍ਰਚਾਰ ਨਾਲ ਗੱਲਾਂ 'ਚ ਫਸਾ ਲਿਆ ਤੇ ਲੋਕ ਵੀ ਉਨ੍ਹਾਂ ਦੀਆਂ ਗੱਲਾਂ ਚ ਆਕੇ ਕਹਿੰਦੇ ਸੀ ਕਿ ਇੱਕ ਮੌਕਾ ਆਮ ਆਦਮੀ ਪਾਰਟੀ ਨੂੰ ਦਿੱਤਾ ਜਾਵੇ।ਲੋਕਾਂ ਨੇ ਤਾਂ ਆਮ ਆਦਮੀ ਪਾਰਟੀ ਨੂੰ ਇੱਕ ਮੌਕਾ ਦੇ ਦਿੱਤਾ ਤੇ ਉਨ੍ਹਾਂ ਦੀ ਸਰਕਾਰ ਵੀ ਬਣ ਗਈ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਦਾ ਕਚੂੰਮਰ ਕੱਢ ਦਿੱਤਾ ਅਤੇ ਲੋਕ ਆਪਣੇ ਆਪ ਨੂੰ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਵਲਟੋਹਾ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਕਹਿੰਦੇ ਸੀ ਕਿ ਚੰਦ ਦਿਨਾਂ 'ਚ ਨਸ਼ਾ ਖਤਮ ਕਰ ਦੇਣਗੇ ਪਰ ਨਸ਼ਾ ਖਤਮ ਹੋਣ ਦੀ ਬਜਾਏ ਚਾਰ ਗੁਣਾ ਹੋਰ ਵੱਧ ਗਿਆ ਤੇ ਨਸ਼ੇ ਦੇ ਨਾਲ ਲੁੱਟਾਂ-ਖੋਹਾਂ, ਚੋਰੀਆਂ, ਡਕੈਤੀਆਂ ਵੀ ਵੱਧ ਗਈਆਂ ਜਿਸ ਨਾਲ ਲੋਕਾਂ 'ਚ ਸਹਿਮ ਦਾ ਮਾਹੌਲ ਬਣ ਗਿਆ।ਲੋਕ ਦੁਬਾਰਾ ਕਦੇ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਮੌਕਾ ਨਹੀਂ ਦੇਣਗੇ।ਇਸ ਮੌਕੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਬਲਰਾਜ ਸਿੰਘ ਦੁੱਬਲੀ, ਸਰਪੰਚ ਬੋਹੜ ਸਿੰਘ, ਡਾਕਟਰ ਅਮਰਜੀਤ ਸਿੰਘ, ਲੱਖਾ ਫੌਜੀ, ਤੇਜ ਸਿੰਘ ਲੀਖੀ, ਬਲਦੇਵ ਸਿੰਘ ਸੇਠ, ਜਸਬੀਰ ਸਿੰਘ, ਹਰਜਿੰਦਰ ਸਿੰਘ, ਸੱਜਣ ਸਿੰਘ, ਸਵਰਣ ਸਿੰਘ, ਰਾਜੂ ਸ਼ਾਹ, ਆਦਿ ਹੋਰ ਵੀ ਪਿੰਡ ਦੇ ਮੋਹਤਬਾਰ ਹਾਜ਼ਰ ਸਨ।

ਗੈਸ ਏਜੰਸੀ ਦੇ ਕਰਿੰਦੇ ਵੱਲੋਂ ਗੋਦਾਮ 'ਚ ਫਾਹਾ ਲੈ ਕੇ ਖੁਦਕੁਸ਼ੀ

ਸਰਾਏ ਅਮਾਨਤ ਖਾਂ (ਮੱਖਣ ਮਨੋਜ)–ਅੱਡਾ ਝਬਾਲ ਵਿਖੇ ਸਥਿਤ ਹਰਭਾਲ ਗੈਸ ਏਜੰਸੀ ਦੇ ਪੈਰੋਕਾਰਾਂ ਵੱਲੋਂ ਸਤਾਏ ਕਰਿੰਦੇ ਨੇ ਏਜੰਸੀ ਦੇ ਗੋਦਾਮ ਵਿੱਚ ਹੀ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ।ਇਸ ਸਬੰਧੀ ਮ੍ਰਿਤਕ ਸੁਖਦੇਵ ਸਿੰਘ (35) ਪੁੱਤਰ ਅਰੂੜ ਸਿੰਘ ਵਾਸੀ ਝਬਾਲ ਦੇ ਭਰਾ ਲਵਪ੍ਰੀਤ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਪਿਛਲੇ ਲੱਗਭੱਗ 19 ਸਾਲਾਂ ਤੋਂ ਹਰਭਾਲ ਗੈਸ ਏਜੰਸੀ ਵਿੱਚ ਕੰਮ ਕਰ ਰਿਹਾ ਸੀ।ਪਿਛਲੇ ਚਾਰ ਕੁ ਮਹੀਨਿਆਂ ਤੋਂ ਗੈਸ ਏਜੰਸੀ ਦੀ ਮਾਲਕ ਦਵਿੰਦਰ ਕੌਰ ਦੇ ਨਜ਼ਦੀਕੀ ਰਿਸ਼ਤੇਦਾਰ ਮਨਜੀਤ ਸਿੰਘ (ਜਿਹੜਾ ਕਿ ਪੁਲਸ ਮੁਲਾਜ਼ਮ ਹੈ ਅਤੇ ਆਪਣੇ ਆਪ ਨੂੰ ਦਵਿੰਦਰ ਕੌਰ ਦਾ ਦਿਉਰ ਦੱਸਦਾ ਹੈ) ਵੱਲੋਂ ਉਸ ਦੇ ਭਰਾ 'ਤੇ ਚੋਰੀ ਦੇ ਇਲਜ਼ਾਮ ਲਗਾ ਕੇ ਉਸ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਸੀ।ਇੱਥੋਂ ਤੱਕ ਕੇ ਉਸ ਨੂੰ ਆਪਣਾ ਘਰ ਲਿਖ ਕੇ ਦੇਣ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਜਾ ਰਹੀਆਂ ਸਨ ਜਿਸ ਕਰਕੇ ਪ੍ਰੇਸ਼ਾਨੀ ਦੀ ਹਾਲਤ ਵਿੱਚ ਉਸ ਨੇ ਸਵੇਰ ਵੇਲੇ ਗੈਸ ਏਜੰਸੀ ਦੇ ਗੋਦਾਮ ਵਿੱਚ ਜਾ ਕੇ ਫਾਹ ਲੈ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ।ਉਸ ਨੇ ਦੱਸਿਆਂ ਕਿ ਇਸ ਘਟਨਾ ਦਾ ਪਤਾ ਲੱਗਣ ਤੇ ਜਦੋਂ ਉਹ ਗੋਦਾਮ ਵਿੱਚ ਪੁੱਜੇ ਤਾਂ ਉਸ ਸਮੇਂ ਤੱਕ ਸੁਖਦੇਵ ਸਿੰਘ ਦਮ ਤੋੜ ਚੁੱਕਾ ਸੀ। ਮ੍ਰਿਤਕ ਆਪਣੇ ਪਿਛੇ ਪਤਨੀ ਅਤੇ ਤਿੰਨ ਬੱਚੇ ਛੱਡ ਗਿਆ ਹੈ।ਇਸ ਸਬੰਧੀ ਜਦੋਂ ਏਜੰਸੀ ਦੀ ਮਾਲਕ ਦਵਿੰਦਰ ਕੌਰ ਦੇ ਨਜ਼ਦੀਕੀ ਮਨਜੀਤ ਸਿੰਘ ਨਾਲ ਫੋਨ 'ਤੇ ਗੱਲਬਾਤ ਕੀਤੀ ਗਈ ਤਾਂ ਉਸ ਨੇ ਉਕਤ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਸ ਨੇ ਕਦੇ ਵੀ ਸੁਖਦੇਵ ਸਿੰਘ ਨੂੰ ਤੰਗ-ਪ੍ਰੇਸ਼ਾਨ ਨਹੀਂ ਕੀਤਾ ਅਤੇ ਨਾ ਹੀ ਕੋਈ ਧਮਕੀ ਦਿੱਤੀ ਹੈ। ਘਟਨਾ ਸਥਾਨ ਦਾ ਜਾਇਜ਼ਾ ਲੈ ਪੁੱਜੇ ਡੀਐੱਸਪੀ ਤਰਸੇਮ ਮਸੀਹ ਨੇ ਦੱਸਿਆ ਕਿ ਮ੍ਰਿਤਕ ਦੇ ਪਰਿਵਾਰਕ ਮੈਂਬਰ ਵੱਲੋਂ ਦਰਜ਼ ਕਰਵਾਏ ਗਏ ਬਿਆਨਾਂ ਦੇ ਆਧਾਰ 'ਤੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

ਭਾਈ ਗੁਰਦਾਸ ਮਾਡਰਨ ਸਕੂਲ ਲੱਖਣ ਕਲਾਂ 'ਚ ਬੱਚਿਆਂ ਦਾ ਡਰਾਇੰਗ ਕੰਪੀਟੀਸ਼ਨ ਕਰਵਾਇਆ

ਕਲਾਨੌਰ (ਮਨਦੀਪ ਕੋਹਲੀ)–ਕਲਾਨੌਰ ਇਲਾਕੇ ਵਿੱਚ ਪੜ੍ਹਾਈ ਦੇ ਨਾਲ ਨਾਲ ਹਰ ਖੇਤਰ ਵਿੱਚ ਅਗਾਂਹ ਵਧੂ ਸੰਸਥਾ ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਬਲਬੀਰ ਸਿੰਘ ਕਾਹਲੋਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਕਾਹਲੋਂ ਦੀ ਅਗਵਾਈ ਵਿੱਚ ਡਰਾਇੰਗ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸਕੂਲ ਦੀ ਵੱਖ-ਵੱਖ ਕਲਾਸਾਂ ਵਿੱਚੋਂ 50 ਦੇ ਕਰੀਬ ਬੱਚਿਆਂ ਨੇ ਹਿੱਸਾ ਲਿਆ, ਇਹ ਪ੍ਰੋਗਰਾਮ ਆਰਕੇ ਪਬਲੀਕੇਸ਼ਨ ਇੰਡੀਆ ਵੱਲੋਂ ਇੰਟਰ ਸਕੂਲ ਡਰਾਇੰਗ ਕੰਪਟੀਸ਼ਨ ਤਹਿਤ ਕਰਵਾਏ ਗਏ ਜਿਸ ਵਿੱਚ ਬੱਚਿਆਂ ਵੱਲੋਂ ਬਹੁਤ ਸੋਹਣੇ ਸੋਹਣੇ ਤਰੀਕੇ ਨਾਲ ਡਰਾਇੰਗ ਨਾਲ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਅ ਲੱ ਗ - ਅ ਲੱ ਗ ਤਰੀਕੇ ਨਾਲ ਮੈਸੇਜ ਦੇਣ ਦੀ ਕੋਸ਼ਿਸ਼ ਕੀਤੀ ਗਈ। ਇਹਨਾਂ ਡਰਾਇੰਗ ਮੁਕਾਬਲਿਆਂ ਵਿੱਚ ਪਹਿਲੇ ਸਥਾਨ ਤੇ 11ਵੀਂ ਮੈਡੀਕਲ ਕਲਾਸ ਦੀ ਵਿਦਿਆਰਥਣ ਪਵਨ ਨੇ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਬਾਰ੍ਹਵੀਂ ਮੈਡੀਕਲ ਦੀ ਕੋਮਲ ਪ੍ਰੀਤ ਨੇ ਦੂਸਰਾ ਅਤੇ ਇਸੇ ਤਰ੍ਹਾਂ ਤੀਸਰੇ ਸਥਾਨ ਤੇ ਸਕੂਲ ਦੀਆਂ ਦੋ ਵਿਦਿਆਰਥਣਾਂ ਪ੍ਰਬਲੀਨ ਅਤੇ ਮੁਸਕਾਨ ਦੀਪ ਰਹੀਆਂ।ਪ੍ਰਿੰ. ਬਲਜਿੰਦਰ ਕੌਰ ਕਾਹਲੋਂ ਵੱਲੋਂ ਡਰਾਇੰਗ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਦੀ ਪ੍ਰਸ਼ੰਸਾ ਕੀਤੀ ਗਈ ਅਤੇ ਪੁਜ਼ੀਸ਼ਨਾਂ ਹਾਸਿਲ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ।

ਨਾਗ ਕਲਾਂ 'ਚ 'ਆਪਕੀ ਸਰਕਾਰ ਆਪ ਕੇ ਦੁਆਰ' ਕੈਂਪ ਦਾ ਆਯੋਜਨ

ਮਜੀਠਾ (ਸੋਇਮ ਆਨੰਦ)–ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਘਣਸ਼ਾਮ ਥੋਰੀ ਦੀ ਅਗਵਾਈ ਵਿੱਚ ਪਿੰਡ ਨਾਗ ਕਲਾਂ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਬਿਲਡਿੰਗ ਵਿੱਚ ਆਪਕੀ ਸਰਕਾਰ ਆਪਕੇ ਦੁਆਰ ਤਹਿ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ।ਜਿਸ ਵਿੱਚ ਸਾਰੇ ਵਿਭਾਗਾਂ ਦੇ ਕਰਮਚਾਰੀ ਹਾਜ਼ਰ ਹੋਏ ਅਤੇ ਉਹਨਾਂ ਵੱਲੋਂ ਕੈਂਪ ਲਗਾਏ ਗਏ ਤੇ ਬਹੁਤ ਸਾਰੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਗਈਆਂ ਜਿਨ੍ਹਾਂ ਵਿੱਚੋਂ ਲੋਕਾਂ ਦੇ ਕਾਫੀ ਕੰਮ ਜੋ ਕਿ ਲੰਬਿਤ ਪਏ ਸਨ, ਜਿਹੜੇ ਇੱਕ ਛੱਤ ਦੇ ਥੱਲੇ ਨਿਪਟਾਏ ਗਏ ਅਤੇ ਇਸ ਪ੍ਰੋਗਰਾਮ ਦਾ ਮੁਆਇਨਾ ਕਰਨ ਲਈ ਅਰਵਿੰਦਰ ਪਾਲ ਸਿੰਘ ਐਸ ਡੀ ਐਮ ਮਜੀਠਾ, ਵਿਸ਼ਾਲ ਸ਼ਰਮਾ ਤਹਿਸੀਲਦਾਰ ਮਜੀਠਾ, ਨਾਇਬ ਤਹਿਸੀਲਦਾਰ ਤਰਲੋਚਨ ਸਿੰਘ, ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜਗਵਿੰਦਰ ਪਾਲ ਸਿੰਘ ਜੱਗਾ ਵੱਲੋਂ ਕੈਂਪ ਦਾ ਮੁਆਇਨਾ ਕੀਤਾ ਗਿਆ। ਇਸ ਮੌਕੇ ਜੱਗਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਬਹੁਤ ਵਧੀਆ ਉਪਰਾਲਾ ਹੈ ਅਤੇ ਹਿੰਦੁਸਤਾਨ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਸਰਕਾਰ ਲੋਕਾਂ ਤੱਕ ਪਹੁੰਚ ਕਰਕੇ ਉਹਨਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰ ਰਹੀ ਹੈ ਅਤੇ ਉਹਨਾਂ ਦੇ ਕੰਮ ਕਰਵਾ ਰਹੀ ਹੈ ।ਅੱਜ ਨਾਗ ਕਲਾਂ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਆਪਣੇ ਕੰਮ ਕਰਵਾਏ ਅਤੇ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਮੌਕੇ 'ਤੇ ਹੀ ਹੱਲ ਕਰ ਦਿੱਤਾ ਗਿਆ। ਇਸ ਮੌਕੇ ਸਿਹਤ ਵਿਭਾਗ ਦੇ ਨੁਮਾਇੰਦੇ, ਪੰਜਾਬ ਮੰਡੀ ਬੋਰਡ ਦੇ ਨੁਮਾਇੰਦੇ, ਪੁਲਸ ਵਿਭਾਗ ਦੇ ਨੁਮਾਇੰਦੇ, ਮਾਰਕੀਟ ਕਮੇਟੀ ਦੇ ਨੁਮਾਇੰਦੇ, ਫੂਡ ਸਪਲਾਈ ਦੇ ਨੁਮਾਇੰਦੇ, ਖੇਤੀਬਾੜੀ ਵਿਭਾਗ , ਬਾਲ ਵਿਕਾਸ ਪ੍ਰੋਜੈਕਟ ਅਫਸਰ ਦੇ ਨੁਮਾਇੰਦੇ ਬਾਗਬਾਨੀ ਵਿਭਾਗ ਦੇ ਨੁਮਾਇੰਦੇ ਮਾਲ ਵਿਭਾਗ ਦੇ ਨੁਮਾਇੰਦੇ ਅਤੇ ਸਮੂਹ ਸਟਾਫ ਦਫਤਰ ਐਸ ਡੀ ਐਮ ਮਜੀਠਾ ਮੌਕੇ 'ਤੇ ਹਾਜ਼ਰ ਸਨ।

ਏ ਬੀ ਕਾਲਜ 'ਚ ਨਵੇਂ ਸੈਸ਼ਨ ਮੌਕੇ ਕਰਵਾਇਆ ਹਵਨ ਯੱਗ

ਪਠਾਨਕੋਟ (ਦਵਿੰਦਰ ਸਿੰਘ)–ਪਠਾਨਕੋਟ ਦੇ ਆਦਰਸ਼ ਭਾਰਤੀ ਮਹਾਵਿਦਿਆਲਯ(ਏ ਬੀ ਕਾਲਜ) ਵਿੱਚ ਪ੍ਰਿੰ. ਕੁਲਦੀਪ ਗੁਪਤਾ ਦੀ ਅਗਵਾਈ ਹੇਠ ਕਾਲਜ ਦੇ ਨਵੇਂ ਸੈਸ਼ਨ ਦੇ ਮੌਕੇ ਹਵਨ ਯੱਗ ਅਤੇ ਇਨਾਮ ਵੰਡਣ ਦਾ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਕਾਲਜ ਦੇ ਪ੍ਰਿੰ. ਕੁਲਦੀਪ ਗੁਪਤਾ, ਰਜਿਸਟਰਾਰ ਪ੍ਰੋ. ਰਵਿ ਰੰਜਨ, ਡਾ. ਮੁਕੇਸ਼ ਮਹਾਜਨ, ਡਾ. ਸ਼ਮਸ਼ੇਰ ਸਿੰਘ, ਪ੍ਰੋਫੈਸਰ ਜਸਵਿੰਦਰ ਕੌਰ, ਪ੍ਰੋ. ਅਨੂਪ ਸਿੰਘ, ਡਾ. ਆਲੋਕ ਤੁਲੀ, ਪ੍ਰੋਫੈਸਰ ਨੀਰਜ ਸ਼ਰਮਾ ਅ

ਨਵਾਂ ਜ਼ਮਾਨਾ
ਸ਼ਨੀਵਾਰ, 3 ਅਗਸਤ 2024

ਚੀਨ ਦੇ ਵਧਦੇ ਕਦਮ

ਇਸ ਸਮੇਂ ਸੰਸਾਰ ਮੰਚ 'ਤੇ ਰੂਸ-ਯੁਕਰੇਨ ਯੁੱਧ ਤੇ ਇਜ਼ਰਾਈਲ ਵੱਲੋਂ ਗਾਜ਼ਾ ਵਿੱਚ ਫਲਸਤੀਨੀਆਂ ਦਾ ਕੀਤਾ ਜਾ ਰਿਹਾ ਘਾਣ ਸਮੁੱਚੇ ਸਮਾਜ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਮੌਕੇ ਇਨ੍ਹਾਂ ਝਗੜਿਆਂ ਨੂੰ ਸੁਲਝਾਉਣ ਲਈ ਚੀਨ ਨੇ ਕੋਸ਼ਿਸ਼ਾਂ ਆਰੰਭ ਦਿੱਤੀਆਂ ਹਨ । ਪਿਛਲੇ ਮਹੀਨੇ 22 ਜਲਾਈ ਨੂੰ ਚੀਨ ਦੀ ਵਿਚੋਲਗੀ ਰਾਹੀਂ ਫਲਸਤੀਨ ਦੇ ਵੱਖ-ਵੱਖ ਗੁੱਟਾਂ ਦਰਮਿਆਨ ਸਮਝੌਤਾ ਹੋ ਗਿਆ ਹੈ। ਪਿਛਲੇ ਸਮੇਂ ਦੌਰਾਨ ਗਾਜ਼ਾ ਖੇਤਰ ਹਮਾਸ ਤੇ ਵੈਸਟ ਬੈਂਕ ਖੇਤਰ ਫਤਿਹ ਗਰੁੱਪ ਦੇ ਕਬਜ਼ੇ ਵਿੱਚ ਸੀ। ਹੁਣ ਹੋਏ ਸਮਝੌਤੇ ਵਿੱਚ ਦੋਵੇਂ ਗਰੁੱਪ ਮਿਲ ਕੇ ਗਾਜ਼ਾ ਤੇ ਵੈਸਟ ਬੈਂਕ ਵਿੱਚ ਸਾਂਝੀ ਸਰਕਾਰ ਚਲਾਉਣ ਲਈ ਸਹਿਮਤ ਹੋ ਗਏ ਹਨ। ਇਸ ਸਮਝੌਤੇ 'ਤੇ ਇਨ੍ਹਾਂ ਦੋਵਾਂ ਤੋਂ ਬਿਨਾਂ 12 ਹੋਰ ਫਲਸਤੀਨੀ ਗਰੁੱਪਾਂ ਨੇ ਵੀ ਦਸਤਖਤ ਕੀਤੇ ਹਨ। ਫਤਿਹ ਤੇ ਹਮਾਸ ਪੁਰਾਣੇ ਵਿਰੋਧੀ ਰਹੇ ਹਨ ਤੇ ਇਨ੍ਹਾਂ ਦਾ ਆਪਸੀ ਟਕਰਾਅ ਵੀ ਹੁੰਦਾ ਰਿਹਾ ਹੈ। ਸਾਰੇ ਫਲਸਤੀਨੀ ਗਰੁੱਪਾਂ ਦੇ ਇੱਕ ਮੰਚ 'ਤੇ ਆਉਣ ਤੋਂ ਬਾਅਦ ਫਲਸਤੀਨੀ ਮੁੱਦੇ ਪ੍ਰਤੀ ਸੰਸਾਰ ਸਹਿਮਤੀ ਨੂੰ ਤਾਕਤ ਮਿਲੇਗੀ। ਇਜ਼ਰਾਈਲ ਤੇ ਫਲਸਤੀਨ ਦਰਮਿਆਨ ਲੰਮੇ ਸਮੇਂ ਤੋਂ ਤੁਰੇ ਆ ਰਹੇ ਝਗੜੇ ਨੂੰ ਹੱਲ ਕਰਨ ਲਈ ਵੀ ਇਹ ਸਹਾਈ ਹੋਵੇਗਾ। ਇਜ਼ਰਾਈਲ-ਫਲਸਤੀਨ ਵਿੱਚ ਚਲ ਰਹੇ ਹਾਲੀਆ ਸੰਘਰਸ਼ ਵਿੱਚ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਇੱਕਪਾਸੜ ਰਵੱਈਏ ਰਾਹੀਂ ਇਜ਼ਰਾਈਲ ਦੀ ਪਿੱਠ 'ਤੇ ਖੜ੍ਹੀਆਂ ਹਨ, ਜਦੋਂ ਕਿ ਚੀਨ ਉੱਥੇ ਹਮੇਸ਼ਾ ਦੋ ਰਾਸ਼ਟਰਾਂ ਦੇ ਸਿਧਾਂਤ ਦਾ ਸਮਰਥਨ ਕਰਦਾ ਰਿਹਾ ਹੈ।

ਚੀਨ ਨੇ ਆਪਣੀ ਆਰਥਿਕਤਾ ਮਜ਼ਬੂਤ ਕਰਨ ਤੋਂ ਬਾਅਦ ਸੰਸਾਰ ਦੇ ਪ੍ਰਮੁੱਖ ਮਸਲਿਆਂ ਨੂੰ ਸੁਲਝਾਉਣ ਲਈ ਸਰਗਰਮ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ ਹੈ।

ਚੀਨ ਦੇ ਮੌਜੂਦਾ ਰਾਸ਼ਟਰਪਤੀ ਸ਼ੀ ਜਿਨਪਿੰਗ 2013 ਵਿੱਚ ਦੇਸ਼ ਦੇ ਮੁਖੀ ਬਣੇ ਸਨ। ਉਦੋਂ ਤੋਂ ਹੀ ਚੀਨ ਨੇ ਕੌਮਾਂਤਰੀ ਮਸਲਿਆਂ ਨੂੰ ਨਿਬੇੜਨ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਸੀ। ਇਸ ਤੋਂ ਪਹਿਲਾਂ ਚੀਨ ਕੌਮਾਂਤਰੀ ਮਸਲਿਆਂ ਵਿੱਚ ਉਲਝਣ ਤੋਂ ਬਚਦਾ ਰਿਹਾ ਸੀ। 2013 ਵਿੱਚ ਜਦੋਂ ਚੀਨ ਨੇ ਬੈਲਟ ਐਂਡ ਰੋਡ ਇਨੀਸ਼ਿਏਟਿਵ (ਬੀ ਆਰ ਆਈ) ਸ਼ੁਰੂ ਕੀਤਾ ਤਾਂ ਹਾਲਤਾਂ ਇਕਦਮ ਬਦਲ ਗਈਆਂ ਸਨ। ਬੈਲਟ ਐਂਡ ਰੋਡ ਪਹਿਲ ਰਾਹੀਂ ਚੀਨ ਦਾ ਦੱਖਣ ਏਸ਼ੀਆ, ਮੱਧ ਪੂਰਬ ਤੇ ਪੂਰਬੀ ਅਫ਼ਰੀਕਾ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਵੱਡਾ ਨਿਵੇਸ਼ ਹੈ, ਇਸ ਲਈ ਇਨ੍ਹਾਂ ਖਿੱਤਿਆਂ ਵਿੱਚ ਸ਼ਾਂਤੀ ਸਥਾਪਤ ਹੋਣੀ ਉਸ ਦੇ ਆਪਣੇ ਹਿੱਤਾਂ ਨਾਲ ਵੀ ਜੁੜੀ ਹੋਈ ਹੈ।

ਪਿਛਲੇ ਸਾਲ ਚੀਨ ਦੇ ਜਤਨਾਂ ਨਾਲ ਜਦੋਂ ਦੋ ਕੱਟੜ ਵਿਰੋਧੀਆਂ ਈਰਾਨ ਤੇ ਸਾਊਦੀ ਅਰਬ ਨੇ ਆਪਸ ਵਿੱਚ ਗਲਵਕੜੀਆਂ ਪਾ ਲਈਆਂ ਸਨ ਤਾਂ ਪੱਛਮੀ ਦੇਸ਼ ਹੈਰਾਨ ਰਹਿ ਗਏ ਸਨ। ਪਿਛਲੇ ਸਾਲ ਮਾਰਚ ਮਹੀਨੇ ਦੋਹਾਂ ਦੇਸ਼ਾਂ ਵਿਚਕਾਰ ਚੀਨ ਦੀ ਵਿਚੋਲਗੀ ਨਾਲ ਹੋਏ ਸਮਝੌਤੇ ਤੋਂ ਬਾਅਦ ਜਾਰੀ ਹੋਏ ਤਿੰਨ ਧਿਰੀ ਬਿਆਨ ਵਿੱਚ ਕਿਹਾ ਗਿਆ ਸੀ ਕਿ ਅੱਜ ਦੋਹਾਂ ਦੇਸ਼ਾਂ ਵਿੱਚ ਡਿਪਲੋਮੈਟਿਕ ਸੰਬੰਧ ਬਹਾਲ ਹੋ ਗਏ ਹਨ। ਇਹ ਚੀਨ ਦੀ ਵੱਡੀ ਪ੍ਰਾਪਤੀ ਸੀ। ਖਾੜੀ ਦੇ ਦੋ ਲੰਮੇ ਸਮੇਂ ਦੇ ਦੁਸ਼ਮਣ ਦੇਸ਼ਾਂ ਵਿੱਚ ਦੁਸ਼ਮਣੀ ਦਾ ਅੰਤ ਕਰਕੇ ਚੀਨ ਨੇ ਦੁਨੀਆ ਨੂੰ ਦਿਖਾ ਦਿੱਤਾ ਸੀ ਕਿ ਉਹ ਵੱਡੇ ਤੋਂ ਵੱਡੇ ਝਗੜੇ ਨੂੰ ਵੀ ਹੱਲ ਕਰ ਸਕਦਾ ਹੈ। ਪਿਛਲੇ ਇਕ ਦਹਾਕੇ ਦੌਰਾਨ ਚੀਨ ਨੇ ਬੰਗਲਾਦੇਸ਼ ਤੇ ਮਿਆਂਮਾਰ, ਅਫ਼ਗਾਨਿਸਤਾਨ ਤੇ ਪਾਕਿਸਤਾਨ ਅਤੇ ਕੋਰੀਆ ਤੇ ਦੱਖਣੀ ਸੁਡਾਨ ਵਿਚਲੇ ਝਗੜਿਆਂ ਨੂੰ ਨਿਬੇੜਨ ਵਿੱਚ ਵੀ ਸਰਗਰਮ ਭੂਮਿਕਾ ਨਿਭਾਈ ਸੀ। ਇਹੋ ਨਹੀਂ, ਚੀਨ ਦਾ ਸੀਰੀਆ, ਜ਼ਿੰਬਾਬਵੇ ਤੇ ਰਵਾਂਡਾ ਵਿੱਚ ਚਲੇ ਆ ਰਹੇ ਘਰੇਲੂ ਝਗੜਿਆਂ ਨੂੰ ਹੱਲ ਕਰਨ ਵਿੱਚ ਵੀ ਅਹਿਮ ਯੋਗਦਾਨ ਰਿਹਾ ਹੈ। ਪਿਛਲੇ ਦਿਨੀਂ ਯੂਕਰੇਨ ਦੇ ਵਿਦੇਸ਼ ਮੰਤਰੀ ਦੀ ਚੀਨ ਯਾਤਰਾ ਤੋਂ ਇਹ ਸਮਝਣਾ ਔਖਾ ਨਹੀਂ ਕਿ ਰੂਸ-ਯੂਕਰੇਨ ਯੁੱਧ ਖ਼ਤਮ ਕਰਾਉਣ ਲਈ ਵੀ ਚੀਨ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਇਸ ਸਮੇਂ ਚੀਨ ਇੱਕ ਅਜਿਹੀ ਸ਼ਕਤੀ ਵਜੋਂ ਸਥਾਪਤ ਹੋ ਰਿਹਾ ਹੈ, ਜਿਹੜਾ ਇਕ ਸ਼ਾਂਤੀਪੂਰਨ ਬਹੁਪੱਖੀ ਤੇ ਪਸਾਰਵਾਦ ਤੋਂ ਰਹਿਤ ਵਿਸ਼ਵ ਵਿਵਸਥਾ ਸਥਾਪਤ ਕਰਨ ਲਈ ਜਤਨਸ਼ੀਲ ਹੈ।

ਪੱਛਮੀ ਦੇਸ਼ ਚੀਨ ਦੇ ਵਧ ਰਹੇ ਪ੍ਰਭਾਵ ਤੋਂ ਚਿੜ੍ਹੇ ਹੋਏ ਹਨ। ਇਸ ਦਾ ਸਭ ਤੋਂ ਵੱਡਾ ਸਬੂਤ ਹਮਾਸ ਤੇ ਫਤਿਹ ਵਿੱਚ ਹੋਏ ਸਮਝੌਤੇ ਤੋਂ ਇੱਕ ਹਫ਼ਤੇ ਬਾਅਦ ਹੀ ਹਮਾਸ ਆਗੂ ਇਸਮਾਈਲ ਹਨੀਯੇਹ ਦੀ ਈਰਾਨ ਵਿੱਚ ਕੀਤੀ ਗਈ ਹੱਤਿਆ ਤੋਂ ਮਿਲਦਾ ਹੈ। ਭਾਵੇਂ ਇਜ਼ਰਾਈਲ ਨੇ ਹਨੀਯੇਹ ਦੀ ਹੱਤਿਆ ਤੋਂ ਇਨਕਾਰ ਕੀਤਾ ਹੈ, ਪਰ ਹਮਾਸ ਨੇ ਇਸ ਦਾ ਦੋਸ਼ ਇਜ਼ਰਾਈਲ ਸਿਰ ਮੜ੍ਹਿਆ ਹੈ। ਇਸ ਹੱਤਿਆ ਦਾ ਮਕਸਦ ਚੀਨ ਦੀਆਂ ਇਜ਼ਰਾਈਲ-ਫਲਸਤੀਨ ਮੁੱਦੇ ਨੂੰ ਸੁਲਝਾਉਣ ਦੀਆਂ ਕੋਸ਼ਿਸ਼ਾਂ ਨੂੰ ਤਾਰਪੀਡੋ ਕਰਨਾ ਜਾਪਦਾ ਹੈ।

-ਚੰਦ ਫਤਿਹਪੁਰੀ

ਲੋਕਤੰਤਰ ਤੇ ਭਾਈਚਾਰਕ ਸਾਂਝ ਦੀ ਤਬਾਹੀ ਲਈ ਸਰਗਰਮ ਮੋਦੀ ਸਰਕਾਰ



ਵਿਸ਼ਵਾ ਮਿੱਤਰ

ਇਸ ਨੂੰ ਭਾਜਪਾ ਲਈ ਪਹਿਲਾਂ ਤੋਂ ਵੀ ਵਧੇਰੇ ਬਹੁਮਤ ਕਾਇਮ ਕਰਨ ਲਈ ਚੁੱਕਿਆ ਕਦਮ ਕਿਹਾ ਜਾਵੇ ਜਾਂ ਨਰਾਜ਼ ਹੋ ਰਹੀ ਆਰ ਐੱਸ ਐੱਸ ਨੂੰ ਖੁਸ਼ ਕਰਨ ਲਈ ਚੁੱਕਿਆ ਕਦਮ ਸਮਝਿਆ ਜਾਵੇ ਕਿ ਮੋਦੀ ਸਰਕਾਰ ਨੇ 58 ਸਾਲ ਤੋਂ ਪਾਬੰਦੀਸ਼ੁਦਾ ਆਰ ਐੱਸ ਐੱਸ ਦੀਆਂ ਸ਼ਾਖਾਵਾਂ ਵਿਚ ਸਰਕਾਰੀ ਅਤੇ ਦੂਜੇ ਕਰਮਚਾਰੀਆਂ ਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਆਰ ਐੱਸ ਐੱਸ 'ਤੇ ਹੁਣ ਤੱਕ ਚਾਰ ਵਾਰ ਪਾਬੰਦੀ ਲੱਗ ਚੁੱਕੀ ਹੈ।

ਪਹਿਲੀ ਵਾਰ ਜਨਵਰੀ 1947 ਵਿੱਚ ਬ੍ਰਿਟਿਸ਼ ਹਕੂਮਤ ਵੇਲੇ ਪੰਜਾਬ ਦੇ ਪ੍ਰਧਾਨ ਮੰਤਰੀ ਮਲਿਕ ਖਿਜਰ ਹਯਾਤ ਟਿਵਾਣਾ ਨੇ ਆਰ ਐੱਸ ਐੱਸ ਅਤੇ ਮੁਸਲਮ ਨੈਸ਼ਨਲ ਗਾਰਡ 'ਤੇ ਪਾਬੰਦੀ ਇਸ ਕਰਕੇ ਲਗਾਈ, ਕਿਉਂਕਿ ਇਹ ਦੋਵੇਂ ਤਨਜ਼ੀਮਾਂ ਭਾਰਤ ਨੂੰ ਇੰਡੀਆ ਅਤੇ ਪਾਕਿਸਤਾਨ ਵਿਚ ਵੰਡਣਾ ਚਾਹੁੰਦੀਆਂ ਸਨ ਅਤੇ ਟਿਵਾਣਾ ਭਾਰਤ ਦੀ ਵੰਡ ਦੇ ਵਿਰੋਧ ਵਿਚ ਸਨ। ਦੂਜੀ ਵਾਰ ਸਰਦਾਰ ਪਟੇਲ ਨੇ 1948 ਵਿੱਚ ਆਰ ਐੱਸ ਐੱਸ 'ਤੇ ਪਾਬੰਦੀ ਉਦੋਂ ਲਗਾਈ, ਜਦੋਂ ਨੱਥੂ ਰਾਮ ਗੋਡਸੇ ਨੇ ਮਹਾਤਮਾ ਗਾਂਧੀ ਦਾ ਕਤਲ ਕਰ ਦਿੱਤਾ। 4 ਫਰਵਰੀ 1948 ਵਾਲੇ ਦਿਨ ਸਰਦਾਰ ਪਟੇਲ ਨੇ ਆਰ ਐੱਸ ਐੱਸ 'ਤੇ ਪਾਬੰਦੀ ਲਗਾਉਣ ਲਈ ਇੱਕ ਰਾਜਸੀ ਸੂਚਨਾ ਜਾਰੀ ਕੀਤੀ ਕਿ ਦੇਸ਼ ਵਿੱਚੋਂ ਘ੍ਰਿਣਾ ਅਤੇ ਹਿੰਸਾ ਦੀਆਂ ਤਾਕਤਾਂ ਜੜ੍ਹ ਤੋਂ ਉਖਾੜ ਸੁੱਟਣ ਲਈ ਪਾਬੰਦੀ ਲਗਾਈ ਗਈ ਹੈ। ਇਹ ਤਾਕਤਾਂ ਰਾਸ਼ਟਰ ਦੀ ਆਜ਼ਾਦੀ ਲਈ ਖਤਰਾ ਹਨ ਅਤੇ ਰਾਸ਼ਟਰ ਦੇ ਨਾਂਅ 'ਤੇ ਕਾਲਖ ਹਨ। ਅੰਤ 11 ਜੁਲਾਈ 1949 ਨੂੰ ਪਟੇਲ ਨੇ ਆਰ ਐੱਸ ਐੱਸ ਤੋਂ ਪਾਬੰਦੀ ਉਦੋਂ ਹਟਾਈ, ਜਦੋਂ ਸਰਸੰਘਚਾਲਕ ਗੋਲਵਾਲਕਰ ਨੇ ਲਿਖਤੀ ਵਿਸ਼ਵਾਸ ਦਿੱਤਾ ਕਿ ਆਰ ਐੱਸ ਐੱਸ ਭਾਰਤੀ ਸੰਵਿਧਾਨ ਨੂੰ ਮਾਨਤਾ ਦੇਵੇਗਾ, ਤਿਰੰਗੇ ਝੰਡੇ ਦਾ ਸਨਮਾਨ ਕਰੇਗਾ, ਕੇਵਲ ਸੱਭਿਆਚਾਰਕ ਕਾਰਵਾਈਆਂ ਕਰੇਗਾ ਅਤੇ ਦੇਸ਼ ਦੀ ਰਾਜਨੀਤੀ ਵਿੱਚ ਭਾਗ ਨਹੀਂ ਲਵੇਗਾ, ਪਰ ਪਾਬੰਦੀ ਹਟਣ ਤੋਂ ਦੋ ਸਾਲ ਬਾਅਦ ਆਰ ਐੱਸ ਐੱਸ ਨੇ 21 ਅਕਤੂਬਰ 1951 ਵਾਲੇ ਦਿਨ ਆਪਣੇ ਕੇਡਰ ਤੋਂ ਇੱਕ ਰਾਜਨੀਤਕ ਪਾਰਟੀ ਭਾਰਤੀਯ ਜਨਸੰਘ ਬਣਾ ਲਈ। ਸ਼ਾਇਦ ਇਹ ਕੰਮ ਸੋਚ-ਸਮਝ ਕੇ ਪਟੇਲ ਜੀ ਦੇ ਚੋਲਾ ਛੱਡ ਜਾਣ ਬਾਅਦ ਕੀਤਾ। ਬਾਬਾ ਸਾਹਿਬ ਅੰਬੇਡਕਰ ਵੱਲੋਂ ਤਿਆਰ ਕੀਤੇ ਸੰਵਿਧਾਨ ਨੂੰ ਮਾਨਤਾ ਦੇਣ ਦੀ ਬਜਾਏ ਇਹਨਾ ਨੇ ਮਨੂੰਸਿਮਰਤੀ ਨੂੰ ਭਾਰਤ ਦਾ ਸੰਵਿਧਾਨ ਲਾਗੂ ਕਰਨ ਦੀਆਂ ਅਵਾਜ਼ਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਭਾਰਤ-ਚੀਨ ਦੋਸਤੀ ਵਿੱਚ ਵਿਘਨ ਪਾਉਣ ਵਾਲੇ ਵਿਅਕਤੀ ਵੀ ਇਸੇ ਪਾਰਟੀ ਦੇ ਮੈਂਬਰ ਸਨ ਅਤੇ ਬਜ਼ਿੱਦ ਸਨ ਕਿ ਚੀਨ-ਭਾਰਤ ਵਿਚ ਸਰਹੱਦ ਦੇ ਮਸਲੇ 'ਤੇ ਯੁੱਧ ਹੋ ਜਾਵੇ। ਕਾਰਨ ਇਹ ਸੀ ਕਿ ਭਾਜਪਾ ਮੈਂਬਰ ਅਮਰੀਕੀ ਲਾਬੀ ਦੇ ਸਨ ਅਤੇ ਉਸ ਸਮੇਂ ਚੀਨ-ਭਾਰਤ ਯੁੱਧ ਅਮਰੀਕਾ ਦੇ ਹਿੱਤ ਵਿੱਚ ਸੀ। ਹੁਣ ਭਾਵੇਂ ਭਾਜਪਾ ਨਹਿਰੂ ਨੂੰ ਬਦਨਾਮ ਕਰਨ ਲਈ ਆਰ ਐੱਸ ਐੱਸ ਉਸਦੇ ਸਾਰੇ ਫੈਸਲੇ ਗਲਤ ਕਹਿ ਰਹੀ ਹੈ ਸਰਦਾਰ ਪਟੇਲ ਨੂੰ ਲੋਹ ਪੁਰਸ ਕਹਿ ਰਹੀ ਹੈ, ਉਸ ਦੇ ਸਾਰੇ ਫੈਸਲਿਆਂ ਨੂੰ ਦਰੁਸਤ ਕਹਿ ਰਹਿ ਹੈ, ਪਰ ਇਹ ਜਾਣਬੁੱਝ ਕੇ ਤੱਥ ਲੁਕੋ ਰਹੀ ਹੈ ਕਿ ਪਟੇਲ ਆਰ ਐੱਸ ਐੱਸ ਦਾ ਬਹੁਤ ਵੱਡਾ ਆਲੋਚਕ ਸੀ ਅਤੇ ਨਹਿਰੂ ਦਾ ਹੀ ਗ੍ਰਹਿ ਮੰਤਰੀ ਸੀ, ਕਿਸ ਸਟੇਟ ਨੂੰ ਕਦੋਂ ਅਤੇ ਕਿਸ ਤਰਾਂ ਭਾਰਤ ਵਿਚ ਮਿਲਾਉਣਾ ਹੈ, ਇਹ ਸਾਰਾ ਕੰਮ ਨਹਿਰੂ ਦੀ ਸਲਾਹ ਨਾਲ ਹੀ ਹੁੰਦਾ ਸੀ।

ਤੀਜੀ ਵਾਰ ਇੰਦਰਾ ਗਾਂਧੀ ਨੇ 1975 ਵਿੱਚ ਆਰ ਐੱਸ ਐਸ, ਸੀ. ਪੀ. ਆਈ (ਮ ਲ) ਅਤੇ ਜਮਾਤੇ ਇਸਲਾਮੀ ਸਮੇਤ 26 ਹੋਰ ਸੰਗਠਨਾ ਉੱਤੇ ਪਾਬੰਦੀ ਇਸ ਕਰਕੇ ਲਗਾ ਦਿੱਤੀ, ਕਿਉਂਕਿ ਇਹ ਤਨਜ਼ੀਮਾਂ ਬੈਂਕਾਂ ਦੇ ਰਾਸ਼ਟਰੀਕਰਨ ਅਤੇ ਪ੍ਰਿਵੀਪਰਸ ਖਤਮ ਕਰਨ ਦੇ ਵਿਰੁੱਧ ਸਨ। ਆਰ ਐੱਸ ਐੱਸ ਦੇ ਮੈਂਬਰਾਂ ਨੇ ਰੇਲਾਂ ਰੋਕ ਦਿੱਤੀਆਂ ਅਤੇ ਜੈ ਪ੍ਰਕਾਸ਼ ਨਰਾਇਣ ਵਰਗੇ ਨੇਤਾਵਾਂ ਨੇ ਵਿਦਿਆਰਥੀਆਂ ਨੂੰ ਇੱਕ ਸਾਲ ਲਈ ਕਾਲਜ ਅਤੇ ਯੂਨਵਰਸਿਟੀਆਂ ਬੰਦ ਰੱਖਣ ਲਈ ਉਕਸਾਇਆ ਸੀ।

ਚੌਥੀ ਵਾਰ ਆਰ ਐੱਸ ਐੱਸ 'ਤੇ ਪਾਬੰਦੀ 1992 ਵਿਚ ਬਾਬਰੀ ਮਸਜਿਦ ਨੂੰ ਢਾਹ ਕੇ ਮਲਬੇ ਵਿਚ ਬਦਲਣ ਕਾਰਨ ਨਰਸਿਮ੍ਹਾ ਰਾਓ ਨੇ ਲਗਾਈ। ਹਰ ਵਾਰ ਪਾਬੰਦੀ ਇਸ ਲਈ ਲਗਦੀ, ਕਿਉਂਕਿ ਸਰਸੰਘਚਾਲਕ ਵੱਲੋਂ ਸਰਦਾਰ ਪਟੇਲ ਨੂੰ ਦਿੱਤੀ ਹੋਈ ਯਕੀਨਦਹਾਨੀ ਦੀ ਉਲੰਘਣਾ ਕਰਦੇ ਹੋਏ ਰਾਜਨੀਤੀ ਵਿਚ ਭਾਗ ਲੈਂਦੇ ਰਹੇ, ਭਾਵੇਂ ਲੁੱਕ-ਛਿਪ ਕੇ ਸਹੀ, ਇਹ ਭਾਜਪਾ ਦੇ ਕਿੰਗ ਮੇਕਰ ਬਣ ਗਏ ਅਤੇ ਭਾਜਪਾ ਸਰਕਾਰ ਵਿਚ ਕੋਈ ਵੀ ਸਿਆਸੀ ਨੇਤਾ ਕਿਸੇ ਸੰਵਿਧਾਨਿਕ ਅਹੁਦੇ ਉੱਤੇ ਆਰ ਐੱਸ ਐੱਸ ਮੁਖੀ ਦੀ ਮਰਜ਼ੀ ਤੋਂ ਬਿਨਾਂ ਨਹੀਂ ਲੱਗ ਸਕਦਾ।

ਰਾਸ਼ਟਰੀ ਝੰਡੇ ਦਾ ਸਨਮਾਨ ਵੀ ਪਟੇਲ ਨੂੰ ਦਿੱਤੀ ਯਕੀਨਦਹਾਨੀ ਬਾਅਦ ਤੁਰੰਤ ਸ਼ੁਰੂ ਨਹੀਂ ਕੀਤਾ, ਬਲਕਿ ਪਹਿਲੀ ਵਾਰ 2002 ਵਿਚ ਆਪਣੇ ਦਫਤਰ ਵਿਚ ਤਿਰੰਗੇ ਨੂੰ ਲਗਾਇਆ ਸੀ, ਮਤਲਬ ਕਿ ਆਰ ਐੱਸ ਐੱਸ ਦੀ ਹਮਾਇਤ ਨਾਲ ਬਣੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਦੂਜੀ ਵਾਰ ਸਹੁੰ ਚੁੱਕਣ ਤੱਕ ਸੰਘ ਦੇ ਦਫਤਰ ਵਿਚ ਕੇਵਲ ਕੇਸਰੀ ਝੰਡਾ ਹੀ ਝੂਲਦਾ ਰਿਹਾ। 1992 ਵਿਚ ਆਰ ਐੱਸ ਐੱਸ ਦੇ ਵਿੰਗ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਕੁਝ ਹੋਰ ਵਿੰਗ ਨੇ ਮਿਲਕੇ ਬਾਬਰੀ ਮਸਜਿਦ ਨੂੰ ਢਾਅ ਕੇ ਮਲਬੇ ਵਿੱਚ ਤਬਦੀਲ ਕਰ ਦਿੱਤਾ ਜਦਕਿ ਮਸਜਿਦ ਦੇ ਹੇਠ ਕਿਸੇ ਮੰਦਰ ਦੇ ਹੋਣ ਦਾ ਕੋਈ ਸਬੂਤ ਅੱਜ ਤੱਕ ਨਹੀਂ ਮਿਲਿਆ।

ਜਿਹੜੇ ਕਰਮਚਾਰੀ ਆਰ ਐੱਸ ਐੱਸ ਦੀਆਂ ਸ਼ਾਖਾਵਾਂ ਵਿੱਚ ਜਾਣ ਲੱਗ ਜਾਣਗੇ, ਉਹ ਵਿਚਾਰਧਾਰਕ ਤੌਰ 'ਤੇ ਨਿਰਪੱਖ ਕਿਵੇਂ ਰਹਿਣਗੇ। ਉੱਚੇ ਅਹੁਦਿਆਂ 'ਤੇ ਬੈਠੇ ਅਫਸਰ ਹਿੰਦੂਆਂ ਨੂੰ ਛੱਡ ਕੇ ਬਾਕੀ ਧਰਮਾਂ ਦੇ ਲੋਕਾਂ ਨੂੰ ਸਹੀ ਫੈਸਲੇ ਕਿਵੇਂ ਦੇਣਗੇ? ਜਦੋਂ ਉਹਨਾਂ ਦੇ ਦਿਮਾਗ ਵਿਚ ਰੋਜ਼ਾਨਾ ਹਿੰਦੂ ਰਾਸ਼ਟਰ, ਹਿੰਦੂ ਧਰਮ, ਹਿੰਦੂ ਇਤਿਹਾਸ, 'ਸਾਡਾ ਸੰਵਿਧਾਨ ਕਿਹੋ ਜਿਹਾ ਹੋਵੇ, ਮੰਨੂ ਸੰਵਿਧਾਨ ਜਿਹਾ ਹੋਵੇ' ਦਾ ਟੀਕਾ ਲਗਾਇਆ ਜਾਵੇਗਾ ਤਾਂ ਉਹ ਕਾਂਗਰਸ, ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ, ਕਮਿਊਨਿਸਟ ਪਾਰਟੀਆਂ, ਟੀ. ਐਮ. ਸੀ, ਏ ਆਈ. ਐੱਮ. ਆਈ . ਐੱਮ ਆਦਿ ਨੇਤਾਵਾਂ ਦੇ ਵਿਚਾਰ ਕਿਉਂ ਸੁਣਨਗੇ ਜਾਂ ਟੀ ਵੀ 'ਤੇ ਵੇਖਣ/ਸੁਣਨ ਗੇ। ਕਰਮਚਾਰੀ ਖੂਹ ਦੇ ਡੱਡੂ ਬਣ ਜਾਣਗੇ, ਜਿਸ ਵਿਚ ਹਰ ਪਾਸੇ ਸੰਘ ਪਰਵਾਰ ਅਤੇ ਭਾਜਪਾ ਦੇ ਵਿਚਾਰ ਹੀ ਸੁਣਾਈ ਦੇਣਗੇ। ਜਦੋਂ ਪਰਵਾਰ ਦਾ ਇੱਕ ਮੈਂਬਰ ਜਿਹੜਾ ਕਿ ਕਰਮਚਾਰੀ ਹੋਵੇਗਾ, ਉਸ ਦੇ ਵਿਚਾਰ ਸੰਘ ਪਰਵਾਰ ਵਰਗੇ ਹੋ ਗਏ ਤਾਂ ਬਾਕੀ ਮੈਂਬਰਾਂ ਦੇ ਵਿਚਾਰ ਸੰਘ ਪਰਵਾਰ ਤੋਂ ਆਸੇ-ਪਾਸੇ ਜਾਣ ਦੀ ਸੰਭਾਵਨਾ ਘੱਟ ਹੀ ਹੋਵੇਗੀ। ਸਪੱਸ਼ਟ ਹੈ ਕਿ ਮੋਦੀ ਸਰਕਾਰ ਨੇ ਭਾਜਪਾ ਦੇ ਮੈਂਬਰ ਅਤੇ ਸਮਰਥਕ ਵਧਾਉਣ ਲਈ ਹੀ ਧਰਮਨਿਰਪੱਖਤਾ ਦਾ ਤਿਆਗ ਕਰਦੇ ਹੋਏ ਕਰਮਚਾਰੀਆਂ ਨੂੰ ਆਰ ਐੱਸ ਐੱਸ ਦੀਆਂ ਸ਼ਾਖਾਵਾਂ ਵਿਚ ਜਾਣ ਦੀ ਖੁੱਲ੍ਹ ਦਿੱਤੀ ਹੈ।

ਆਰ ਐੱਸ ਐੱਸ ਤੋਂ ਬਣੇ ਕੁਝ ਭਾਜਪਾ ਨੇਤਾ ਕਹਿ ਰਹੇ ਹਨ ਕਿ ਜੇਕਰ ਭਾਰਤ ਦਾ ਪ੍ਰਧਾਨ ਮੰਤਰੀ ਆਰ ਐੱਸ ਐੱਸ ਦੀ ਸ਼ਾਖਾ ਵਿੱਚ ਜਾ ਸਕਦਾ ਹੈ ਤਾਂ ਸਰਕਾਰੀ ਕਰਮਚਾਰੀ ਕਿਉਂ ਨਹੀਂ ਜਾ ਸਕਦੇ। ਸਰਕਾਰੀ ਕਰਮਚਾਰੀਆਂ ਦੀ ਤੁਲਨਾ ਸਿਆਸੀ ਲੀਡਰਾਂ ਨਾਲ ਨਹੀਂ ਕੀਤੀ ਜਾ ਸਕਦੀ। ਸਰਕਾਰੀ ਕਰਮਚਾਰੀਆਂ ਲਈ ਭਰਤੀ ਹੋਣ ਅਤੇ ਰਿਟਾਇਰ ਹੋਣ ਦੀ ਉਮਰ ਨਿਸ਼ਚਿਤ ਹੈ, ਜਦਕਿ ਸਿਆਸਤਦਾਨਾਂ ਲਈ ਅਜਿਹੀ ਕੋਈ ਬੰਦਿਸ਼ ਨਹੀਂ। ਸਰਕਾਰੀ ਕਰਮਚਾਰੀ ਦੀ ਹਰ ਅਸਾਮੀ ਲਈ ਘੱਟੋ-ਘੱਟ ਵਿੱਦਿਅਕ ਯੋਗਤਾ ਨੀਅਤ ਕੀਤੀ ਗਈ ਹੈ, ਜਦਕਿ ਸਿਆਸਤਦਾਨ ਅੰਗੂਠਾ ਛਾਪ ਵੀ ਹੋ ਸਕਦਾ ਹੈ। ਸਰਕਾਰੀ ਕਰਮਚਾਰੀ ਨੂੰ ਜੇਕਰ ਜੇਲ੍ਹ ਹੋ ਜਾਵੇ ਤਾਂ ਉਹ ਮੁੜ ਸਰਕਾਰੀ ਸੇ

3-AUG-PAGE-5.qxd 8/2/2024 8:28 PM Page 1

ਕਿਸਾਨਾਂ ਨੇ ਕੇਂਦਰ ਤੇ ਹਰਿਆਣਾ ਸਰਕਾਰ ਦੇ ਪੁਤਲੇ ਫੂਕੇ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਕਿਸਾਨ ਜਥੇਬੰਦੀਆਂ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ, ਸਾਰੀਆਂ ਫਸਲਾਂ ਤੇ ਐੱਮ ਐੱਸ ਪੀ ਅਤੇ ਖਰੀਦ ਗਰੰਟੀ ਬਿਲ ਲਾਗੂ ਕਰਾਉਣ ਵਾਸਤੇ 170 ਦਿਨਾਂ ਤੋਂ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਦੇ ਢਾਬੀ ਗੁਜਰਾਂ ਬਾਰਡਰ ਚੱਲ ਰਹੇ ਅੰਦੋਲਨ ਦੌਰਾਨ ਕਿਸਾਨਾਂ ਉੱਤੇ ਅੱਤਿਆਚਾਰ ਕਰਨ ਵਾਲੇ ਅਧਿਕਾਰੀਆਂ ਨੂੰ ਸਨਮਾਨਤ ਕੀਤੇ ਜਾਣ ਵਿਰੁੱਧ ਕਿਸਾਨ ਜਥੇਬੰਦੀਆਂ ਵੱਲੋਂ ਉਕਤ ਬਾਰਡਰ ਤੇ ਐੱਸ ਡੀ ਐੱਮ ਪਾਤੜਾਂ ਦੇ ਦਫਤਰ ਅੱਗੇ ਕੇਂਦਰ ਤੇ ਹਰਿਆਣਾ ਸਰਕਾਰ ਦੀ ਅਰਥੀ ਫੂਕੀ ਗਈ।ਇਸੇ ਦੌਰਾਨ ਇਕੱਤਰ ਹੋਏ ਕਿਸਾਨਾਂ ਨੇ ਉਕਤ ਸਰਕਾਰਾਂ ਦੇ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਅਗਲੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ।ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੇ ਆਗੂ ਯਾਦਵਿੰਦਰ ਸਿੰਘ ਨੇ ਕਿਹਾ ਹੈ ਕਿ 15 ਅਗਸਤ ਨੂੰ ਸਮੁੱਚੇ ਭਾਰਤ ਵਿੱਚ ਟਰੈਕਟਰ ਮਾਰਚ ਕੱਢਿਆ ਜਾਵੇਗਾ, ਜਿਸ ਵਿੱਚ ਦੇਸ਼ ਭਰ ਦੇ ਲੱਖਾਂ ਟਰੈਕਟਰ ਸ਼ਾਮਲ ਹੋਣਗੇ।31 ਅਗਸਤ ਨੂੰ ਮੋਰਚੇ ਨੂੰ 200 ਦਿਨ ਪੂਰੇ ਹੋਣ ਤੇ ਢਾਬੀ ਗੁਜਰਾਂ ਤੇ ਸ਼ੰਭੂ ਬਾਰਡਰਾਂ ਉੱਤੇ ਲੱਖਾਂ ਦਾ ਇਕੱਠ ਕਰਾਕੇ ਸਰਕਾਰਾਂ ਨੂੰ ਇਹ ਦੱਸਿਆ ਜਾਵੇ ਕਿ ਕਿਸਾਨ ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਸ਼ਾਂਤਮਈ ਢੰਗ ਨਾਲ ਲੰਮੀ ਲੜਾਈ ਲੜ ਸਕਦੇ ਹਨ।ਕਿਸਾਨ ਆਗੂਆਂ ਨੇ ਪਿੰਡ ਤੇ ਬਲਾਕ ਦੀਆਂ ਟੀਮਾਂ ਤੇ ਕਿਸਾਨਾਂ ਨੂੰ ਮੋਰਚੇ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਹੈ।

ਮੋਗਾ (ਇਕਬਾਲ ਸਿੰਘ ਖਹਿਰਾ) : ਦੋਨਾਂ ਫੋਰਮਾਂ ਦੇ ਸੱਦੇ 'ਤੇ ਕਿਸਾਨ ਮਜ਼ਦੂਰ ਜਥੇਬੰਦੀ, ਬੀਕੇਯੂ ਖੋਸਾ, ਬੀਕੇਯੂ ਏਕਤਾ ਅਜ਼ਾਦ ਤੇ ਬੀਕੇਯੂ ਕ੍ਰਾਂਤੀਕਾਰੀ ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਵੱਲੋਂ ਰੋਡ ਮਾਰਚ ਕਰਕੇ ਡੀ ਸੀ ਦਫ਼ਤਰ ਅੱਗੇ ਕੇਂਦਰ ਤੇ ਹਰਿਆਣਾ ਸਰਕਾਰ ਦੇ ਪੁਤਲੇ ਫੂਕੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ, ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸ਼ਾਹਵਾਲਾ, ਹਰਜਿੰਦਰ ਸਿੰਘ ਡੇਮਰੂ ਨੇ ਕਿਹਾ ਕਿ ਭਾਜਪਾ ਸਰਕਾਰ ਕਿਸਾਨਾਂ ਦੀਆਂ ਹੱਕੀ ਮੰਗਾਂ ਬਾਰੇ ਬਿਲਕੁੱਲ ਵੀ ਧਿਆਨ ਨਹੀਂ ਦੇ ਰਹੀ। ਪੰਜ ਮਹੀਨੇ ਤੋਂ ਵੱਧ ਸਮਾਂ ਕਿਸਾਨਾਂ ਮਜ਼ਦੂਰਾਂ ਨੂੰ ਹਰਿਆਣਾ ਦੇ ਬਾਡਰਾਂ ਤੇ ਗਰਮੀ ਸਰਦੀ ਵਿੱਚ ਆਪਣੇ ਹੱਕ ਲੈਣ ਲਈ ਬੈਠਿਆਂ ਨੂੰ ਹੋ ਗਏ ਹਨ। ਦੋ ਦਰਜਨ ਤੋਂ ਵੱਧ ਕਿਸਾਨ ਮਜ਼ਦੂਰ ਸ਼ਹੀਦ ਹੋ ਗਏ ਹਨ, ਅਜੇ ਤੱਕ ਇੱਕ ਵੀ ਬਿਆਨ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਨਹੀਂ ਆਇਆ। ਕਿਸਾਨ ਆਗੂਆਂ ਨੇ ਕਿਹਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਨੇ ਬਹਾਦਰੀ ਪੁਰਸਕਾਰ ਵਾਸਤੇ ਜਿਹੜੀਆਂ ਸਿਫ਼ਾਰਸ਼ਾਂ ਰਾਸ਼ਟਰਪਤੀ ਨੂੰ ਕੀਤੀਆਂ ਗਈਆਂ ਹਨ, ਇਹ ਉਨ੍ਹਾਂ ਪੁਲਸ ਅਧਿਕਾਰੀਆਂ ਲਈ ਹਨ, ਜਿਨ੍ਹਾਂ ਨੇ ਸ਼ੰਭੂ ਤੇ ਖਨੌਰੀ ਦੇ ਬਾਰਡਰਾਂ 'ਤੇ ਬਿਨਾਂ ਕਿਸੇ ਕਸੂਰ ਦੇ ਕਿਸਾਨਾਂ ਮਜ਼ਦੂਰਾਂ ਉਪਰ ਅੰਨ੍ਹੇਵਾਹ ਗੋਲੀਆਂ ਚਲਾਈਆਂ ਗੋਲੇ ਸੁੱਟੇ ਗਏ। ਇਹ ਜਨਰਲ ਡਾਇਰ ਦੀ ਭੂਮਿਕਾ ਲਈ ਬਹਾਦਰੀ ਮਾਡਲ ਦੇਣ ਦੇ ਬਰਾਬਰ ਹੈ। ਇਸ ਤੋਂ ਇੰਜ ਲਗਦਾ ਹੈ ਕਿ ਭਾਜਪਾ ਸਰਕਾਰ ਉਨ੍ਹਾਂ ਪੁਲਸ ਅਧਿਕਾਰੀਆਂ ਦੀ ਮਦਦ ਕਰ ਰਹੀ ਹੈ, ਜਿਨ੍ਹਾਂ ਨੇ ਸ਼ਾਂਤਮਈ ਕਿਸਾਨਾਂ ਉਪਰ ਅੰਨ੍ਹੇਵਾਹ ਤਸ਼ੱਦਦ ਕੀਤਾ, ਜਿਸ ਦੇ ਰੋਸ ਵਜੋਂ ਅੱਜ ਮੋਟਰਸਾਈਕਲ ਮਾਰਚ ਕਰਕੇ ਕੇਂਦਰ ਤੇ ਹਰਿਆਣਾ ਸਰਕਾਰ ਦੇ ਪੁਤਲੇ ਫੂਕੇ।

'ਆਪ' ਸਰਕਾਰ ਦੇ ਲੋਕ ਭਲਾਈ ਕੰਮਾਂ ਤੋਂ ਹਰੇਕ ਵਰਗ ਖੁਸ਼ : ਪਰੂਥੀ

ਮਾਲੇਰਕੋਟਲਾ (ਅਸਗਰ ਪਰਿਹਾਰ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਵੱਲੋਂ ਸਿਰਫ ਢਾਈ ਸਾਲਾਂ 'ਚ ਲਏ ਜਾ ਰਹੇ ਲੋਕਪੱਖੀ ਫੈਸਲਿਆਂ ਤੋਂ ਹਰੇਕ ਵਰਗ ਦੇ ਲੋਕ ਪੂਰੀ ਤਰ੍ਹਾਂ ਖੁਸ਼ ਹਨ, ਪਰ ਵਿਰੋਧੀ ਪਾਰਟੀਆਂ, ਲੋਕਪੱਖੀ ਫੈਸਲਿਆਂ ਕਾਰਨ ਬੁਲਖਾਏ ਪਏ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਆਪ ਆਗੂ ਤੇ ਰੋਟਰੀ ਕਲੱਬ ਮਾਲੇਰਕੋਟਲਾ ਮਿੱਡ ਟਾਊਨ ਦੇ ਪ੍ਰਧਾਨ ਕੌਂਸਲਰ ਮਹਿੰਦਰ ਸਿੰਘ ਪਰੂਥੀ ਨੇ ਇੱਥੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਵਿਰੋਧੀ ਪਾਰਟੀਆਂ ਕੇਵਲ ਫੋਕੀ ਸ਼ੋਹਰਤ ਲਈ ਸਰਕਾਰ ਦੀ ਨਿਖੇਧੀ ਕਰਕੇ ਪੰਜਾਬ ਵਾਸੀਆਂ ਨੂੰ ਗੁੰਮਰਾਹ ਕਰਨਾ ਚਾਹੁੰਦੀਆਂ ਹਨ, ਪਰ ਪੰਜਾਬ ਵਾਸੀ ਇਨ੍ਹਾਂ ਤੋਂ ਭਲੀਭਾਂਤ ਜਾਣੂ ਹਨ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਡਾ. ਮੁਹੰਮਦ ਜਮੀਲ ਉਰ ਰਹਿਮਾਨ ਦੀ ਰਹਿਨੁਮਾਈ ਹੇਠ ਸ਼ਹਿਰਾਂ ਤੇ ਪਿੰਡਾਂ 'ਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਵਿਕਾਸ ਕਾਰਜ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਬਿਨਾਂ ਭੇਦਭਾਵ ਤੋਂ ਕਰਵਾਏ ਜਾ ਰਹੇ ਹਨ ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਅੰਦਰ ਚੰਗੇ ਫ਼ੈਸਲੇ ਲਏ ਜਾ ਰਹੇ ਹਨ, ਜਿਸ ਦੇ ਚਲਦਿਆਂ ਹਲਕਾ ਵਿਧਾਇਕ ਆਪਣੇ ਹਲਕੇ ਅੰਦਰ ਦਿਨ-ਰਾਤ ਇਕ ਕਰ ਰਹੇ ਹਨ ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤੀਆਂ ਜਾਣ ਵਾਲੀਆਂ ਲੋਕ ਭਲਾਈ ਸਕੀਮਾਂ ਹਲਕੇ ਅੰਦਰ ਲੋਕਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ।

ਇੰਸਪੈਕਟੋਰੇਟ ਫੂਡ ਸਪਲਾਈਜ਼ ਯੂਨੀਅਨ ਵੱਲੋਂ ਨਿਰੀਖਕਾਂ ਦੀਆਂ ਮੰਗਾਂ ਨੂੰ ਲੈ ਕੇ ਧਰਨਾ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਸਟੇਟ ਯੂਨੀਅਨ ਦੇ ਸੱਦੇ 'ਤੇ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿੱਚ ਇੰਸਪੈਕਟੋਰੇਟ ਫੂਡ ਸਪਲਾਈਜ਼ ਯੂਨੀਅਨ ਵੱਲੋਂ ਜ਼ਿਲ੍ਹਾ ਦਫਤਰਾਂ ਦੇ ਬਾਹਰ ਮੁੱਖ ਦਫਤਰ ਵੱਲੋਂ ਨਿਰੀਖਕਾਂ ਦੀਆਂ ਮੰਗਾਂ ਪ੍ਰਤੀ ਅਪਣਾਈ ਗਈ ਬੇਰੁਖੀ ਦੇ ਸਬੰਧ ਵਿੱਚ ਧਰਨੇ ਦਿੱਤੇ ਗਏ।ਧਰਨੇ ਦੌਰਾਨ ਨਿਰੀਖਕਾਂ ਵੱਲੋਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਬਾਰੇ ਦੱਸਿਆ ਗਿਆ।ਇਸ ਸਬੰਧੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅੰਕਿਤ ਬੱਤਾ ਨੇ ਦੱਸਿਆ ਕਿ ਵਿਭਾਗ ਵੱਲੋਂ ਫੀਲਡ ਸਟਾਫ ਨੂੰ ਲੇਟ ਡਾਕੂਮੈਂਟ ਰਿਕਵਰੀਆਂ ਲਈ ਬਿਨਾਂ ਕਸੂਰ ਤੋਂ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੀਆਂ ਤਨਖਾਹਾਂ ਵਿੱਚੋਂ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਕਾਰਨ ਫੀਲਡ ਸਟਾਫ ਵਿੱਚ ਬਹੁਤ ਹੀ ਨਿਰਾਸ਼ਾ ਹੈ।ਨਿਰੀਖਕਾਂ ਨੂੰ ਵੱਖ-ਵੱਖ ਕਾਰਨਾਂ ਕਾਰਨ ਚਾਰਜਸ਼ੀਟਾਂ ਵਿਭਾਗ ਵੱਲੋਂ ਜਾਰੀ ਕੀਤੀਆਂ ਗਈਆਂ ਹਨ ਅਤੇ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਚਾਰਜਸ਼ੀਟ ਕੀਤੇ ਨਿਰੀਖਕਾਂ ਨੂੰ ਮੰਡੀਆਂ ਵਿੱਚ ਖਰੀਦ ਸਮੇਂ ਤੈਨਾਤ ਨਾ ਕੀਤਾ ਜਾਵੇ।ਜਾਰੀ ਕੀਤੀਆਂ ਚਾਰਜਸ਼ੀਟਾਂ ਨੂੰ ਅਲੱਗ-ਅਲੱਗ ਨਾ ਵਿਚਾਰਦੇ ਹੋਏ ਤੇ ਵਿਭਾਗ ਵੱਲੋਂ ਸਪੱਸ਼ਟ ਹਦਾਇਤਾਂ ਨਾ ਜਾਰੀ ਹੋਣ ਕਾਰਨ ਸਾਰੇ ਚਾਰਜਸ਼ੀਟ ਹੋਏ ਨਿਰੀਖਕਾਂ ਨੂੰ ਇੱਕੋ ਹੀ ਕੜੀ ਵਿੱਚ ਪਰੋਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਆਰਡਰ ਮੰਡੀਆਂ ਵਿੱਚ ਨਹੀਂ ਕੀਤੇ ਜਾ ਰਹੇ, ਜਿਸ ਕਾਰਨ ਬਾਕੀ ਰਹਿੰਦੇ ਨਿਰੀਖਕਾਂ ਉੱਪਰ ਕੰਮ ਦਾ ਭਾਰ ਵੀ ਵਧ ਰਿਹਾ ਹੈ।ਵਿਭਾਗ ਵੱਲੋਂ ਮੰਡੀਆਂ ਵਿੱਚ ਖਰੀਦ ਸਮੇਂ ਬਿੱਲ, ਅੰਕੜਿਆਂ ਨੂੰ ਪੋਰਟਲ ਉਪਰ ਅਪਲੋਡ ਕਰਨ ਲਈ ਡਾਟਾ ਐਂਟਰੀ ਓਪਰੇਟਰ ਉਪਲਬੱਧ ਕਰਵਾਏ ਜਾਂਦੇ ਹਨ, ਕਣਕ ਸੀਜ਼ਨ 2023-24 ਦੌਰਾਨ ਉਪਲਬੱਧ ਕਰਵਾਏ ਡਾਟਾ ਐਂਟਰੀ ਓਪਰੇਟਰਾਂ ਦੇ ਬਿੱਲਾਂ ਦੀ ਪੇਮੈਂਟ ਇਕ ਸਾਲ ਬੀਤ ਜਾਣ ਤੋਂ ਬਾਅਦ ਵੀ ਨਹੀਂ ਕੀਤੀ ਗਈ ਹੈ। ਝੋਨੇ ਸੀਜ਼ਨ 2023-24 ਤੇ ਕਣਕ ਸੀਜ਼ਨ 2024-25 ਲਈ ਡਾਟਾ ਐਂਟਰੀ ਓਪਰੇਟਰਾਂ ਦੇ ਸਬੰਧ ਵਿੱਚ ਹਦਾਇਤਾਂ ਜਾਰੀ ਕਰਨ ਸਬੰਧੀ ਜੀ ਐੱਮ ਵਿੱਤ ਵੱਲੋਂ ਲਗਾਤਾਰ ਫੀਲਡ ਸਟਾਫ ਨੂੰ ਲਾਰੇ ਲਾਏ ਜਾ ਰਹੇ ਹਨ ਅਤੇ ਹਦਾਇਤਾਂ ਦੀ ਕਮੀ ਕਾਰਨ ਜ਼ਿਲ੍ਹਾ ਦਫਤਰਾਂ ਵੱਲੋਂ ਬਿੱਲ ਮੁੱਖ ਦਫਤਰ ਵਿਖੇ ਨਹੀਂ ਭੇਜੇ ਜਾ ਰਹੇ।ਇਸ ਤੋਂ ਇਲਾਵਾ ਕਣਕ ਦੀ ਵੰਡ ਦੌਰਾਨ ਵਰਤੇ ਗਏ ਧਰਮ ਕੰਡਿਆਂ ਦੀ ਪੇਮੈਂਟ ਵੀ ਪਿਛਲੇ ਇਕ ਸਾਲ ਤੋਂ ਨਹੀਂ ਕੀਤੀ ਜਾ ਰਹੀ।ਇਨ੍ਹਾਂ ਸਬੰਧੀ ਵਿਭਾਗ ਨੂੰ 25 ਜੁਲਾਈ 2024 ਨੂੰ ਮੰਗ ਪੱਤਰ ਦਿੱਤਾ ਗਿਆ ਸੀ, ਪਰ ਵਿਭਾਗ ਵੱਲੋਂ ਕੋਈ ਵੀ ਕਾਰਵਾਈ ਨਾ ਹੋਣ ਕਾਰਨ ਅੱਜ ਸਮੂਹ ਪੰਜਾਬ ਵਿੱਚ ਜ਼ਿਲ੍ਹਾ ਪੱਧਰ 'ਤੇ ਧਰਨੇ ਦਿੱਤੇ ਜਾ ਰਹੇ ਹਨ, ਜੇਕਰ ਵਿਭਾਗ ਨੇ ਹੁਣ ਵੀ ਨਿਰੀਖਕਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਾ ਦਿੱਤਾ ਤਾਂ ਫੀਲਡ ਸਟਾਫ ਨੂੰ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ, ਜਿਸ ਕਾਰਨ ਆਉਣ ਵਾਲੇ ਸਮੇਂ ਵਿੱਚ ਸ਼ੈਲਰਾਂ ਦੀ ਅਲਾਟਮੈਂਟ ਦਾ ਕੰਮ ਵੀ ਪ੍ਰਭਾਵਿਤ ਹੋ ਸਕਦਾ ਹੈ।ਇਸ ਮੌਕੇ ਇੰਸਪੈਕਟੋਰੇਟ ਫੂਡ ਸਪਲਾਈਜ਼ ਯੂਨੀਅਨ ਦੇ ਮੁਲਾਜ਼ਮ ਵੀ ਹਾਜ਼ਰ ਸਨ।

ਕਾਤਰਾਂ

ਕਲਾਲ ਮਾਜਰਾ 'ਚ ਧਾਰਮਿਕ ਸਮਾਗਮ ਅੱਜ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪਿੰਡ ਕਲਾਲ ਮਾਜਰਾ ਵਿਖੇ ਬ੍ਰਾਹਮਣ ਭਾਈਚਾਰੇ ਵਲੋਂ ਆਪਣੇ ਪੁਰਖਿਆਂ ਦੇ ਅਸਥਾਨਾਂ ਉਪਰ ਧਾਰਮਿਕ ਸਮਾਗਮ ਕਮੇਟੀ ਪ੍ਰਧਾਨ ਬਾਬਾ ਭੁਪਿੰਦਰ ਪਾਲ ਸ਼ਰਮਾ ਦੀ ਅਗਵਾਈ ਹੇਠ ਸਾਉਣ ਮਹੀਨੇ ਦੀ ਚੌਦੇ ਮਿਤੀ 3 ਅਗਸਤ, ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾਂਜ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਭੁਪਿੰਦਰ ਪਾਲ ਸ਼ਰਮਾ ਦੀ ਅਗਵਾਈ ਹੇਠ ਸੰਗਤਾਂ ਲਈ ਮਾਲ੍ਹ ਪੂੜਿਆਂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਪ੍ਰਬੰਧਕਾਂ ਨੇ ਸੰਗਤਾਂ ਨੂੰ ਪਹੁੰਚਣ ਦੀ ਅਪੀਲ ਕੀਤੀ ਹੈ।

ਲੋਮਸ਼ ਸ਼ਰਮਾ ਭਾਜਪਾ ਯੁਵਾ ਮੋਰਚਾ ਦੇ ਪ੍ਰਧਾਨ ਨਿਯੁਕਤ

ਮਾਲੇਰਕੋਟਲਾ (ਅਸਗਰ ਪਰਿਹਾਰ)-ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਮਾਲੇਰਕੋਟਲਾ ਦੇ ਸਮੂਹ ਅਹੁਦੇਦਾਰਾਂ ਦੀ ਇੱਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਅਮਨ ਥਾਪਰ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਮੌਜੂਦ ਮੁੱਢਲੀ ਲੀਡਰਸ਼ਿਪ ਦੀ ਹਾਜ਼ਰੀ 'ਚ ਹਲਕਾ ਮਾਲੇਰਕੋਟਲਾ ਤੋਂ ਮਿਹਨਤੀ ਨੌਜਵਾਨ ਲੋਮਸ਼ ਸ਼ਰਮਾ ਨੂੰ ਭਾਜਪਾ ਜ਼ਿਲ੍ਹਾ ਯੁਵਾ ਮੋਰਚਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਲੋਮਸ਼ ਸ਼ਰਮਾ ਨੇ ਕਿਹਾ ਕਿ ਪਾਰਟੀ ਵੱਲੋਂ ਮੇਰੇ 'ਤੇ ਜਤਾਈ ਭਰੋਸੇਯੋਗਤਾ ਨੂੰ ਮੈਂ ਹਮੇਸ਼ਾ ਕਾਇਮ ਰੱਖਾਂਗਾ ਤੇ ਆਉਣ ਵਾਲੇ ਦਿਨਾਂ ਵਿੱਚ ਜ਼ਿਲ੍ਹਾ ਮਾਲੇਰਕੋਟਲਾ ਨਾਲ ਸਬੰਧਤ ਨੌਜਵਾਨਾਂ ਨੂੰ ਭਾਜਪਾ ਨਾਲ ਜੋੜਨ ਲਈ ਹਮੇਸ਼ਾ ਤਤਪਰ ਰਹਾਂਗਾ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਦੇਵਿੰਦਰ ਸਿੰਗਲਾ ਬੌਬੀ, ਮੰਡਲ ਪ੍ਰਧਾਨ ਵਿਸ਼ਾਲ ਕੁਮਾਰ, ਮੰਡਲ ਪ੍ਰਧਾਨ ਦੀਪਕ ਸ਼ੋਰੀ, ਐਡਵੋਕੇਟ ਗੀਨਾ ਗੋਇਲ, ਸਿਧਾਰਥ ਸ਼ਰਮਾ, ਕਾਰਤਿਕ ਸ਼ਰਮਾ, ਚਿਰਾਗ ਗਰਗ, ਹਰਸਤਿ ਚਾਨਾ, ਸੰਜੂ ਧੀਮਾਨ, ਰਣਧੀਰ ਰਾਜਪੂਤ, ਰਿਧਮ ਭੰਮਰਾ, ਮੋਹੰਮਦ ਇਰਫਾਨ, ਅਮਿਤ ਅਰੋੜਾ, ਹਰਸ਼ ਸ਼ਰਮਾ, ਦੀਵੰਸ਼ੂ ਜਿੰਦਲ, ਅੰਕੁਸ਼ ਉਪਲ, ਯੋਗੇਸ਼ ਸ਼ਾਹੀ ਆਦਿ ਹਾਜ਼ਰ ਸਨ।

ਦੇਸੀ ਪਿਸਟਲ ਤੇ ਕਾਰਤੂਸਾਂ ਸਮੇਤ ਕਾਬੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸੀ ਆਈ ਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ ਇੱਕ ਪਿਸਟਲ ਦੇਸੀ 32 ਬੋਰ ਸਮੇਤ ਮੈਗਜ਼ੀਨ ਤੇ 2 ਕਾਰਤੂਸ ਜ਼ਿੰਦਾ ਸਣੇ ਗ੍ਰਿਫਤਾਰ ਕਰਕੇ ਉਸ ਖਿਲਾਫ ਥਾਣਾ ਮਖੂ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਸੁਰਜੀਤ ਸਿੰਘ ਸੀਆਈਏ ਸਟਾਫ ਫਿਰੋਜ਼ਪੁਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਲੋਹੀਆ ਤਿਕੋਣੀ ਮਖੂ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਕਰਨ ਸਿੰਘ ਉਰਫ ਬਾਸੀ ਪੁੱਤਰ ਕੁਲਵਿੰਦਰ ਸਿੰਘ ਵਾਸੀ ਹਰਦਾਸਾ ਆਪਣੇ ਪਾਸ ਨਜਾਇਜ਼ ਪਿਸਟਲ ਰੱਖਦਾ ਹੈ ਤੇ ਵਾਰਦਾਤ ਕਰਨ ਦੀ ਤਾਕ ਵਿੱਚ ਸ਼ਮਸ਼ਾਨਘਾਟ ਰੋਡ ਮਖੂ ਵੱਲੋਂ ਪੈਦਲ ਆ ਰਿਹਾ ਹੈ। ਜੇਕਰ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 1 ਪਿਸਟਲ ਦੇਸੀ 32 ਬੋਰ ਸਮੇਤ ਮੈਗਜ਼ੀਨ ਤੇ 2 ਕਾਰਤੂਸ ਜ਼ਿੰਦਾ ਬਰਾਮਦ ਹੋਏ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਮੁੱਖ ਮੰਤਰੀ ਵਾਰ-ਵਾਰ ਮੀਟਿੰਗਾਂ ਮੁਲਤਵੀ ਕਰਕੇ ਪਿਆ ਡੰਗ ਟਪਾਊ ਦੇ ਰਾਹ : ਸਾਂਝਾ ਫਰੰਟ

- 5-6 ਅਗਸਤ ਨੂੰ ਫੂਕੇ ਜਾਣਗੇ ਪੁਤਲੇ ਤੇ ਲਾਰਿਆਂ ਦੀਆਂ ਪੰਡਾਂ
- 10 ਨੂੰ ਅਗਲੇ ਸੰਘਰਸ਼ ਦਾ ਐਲਾਨ

ਧੂਰੀ (ਸੁਖਦੇਵ ਧੂਰੀ)-ਪੰਜਾਬ ਮੁਲਾਜ਼ਮ ਤੇ

3 August - Page - 6.qxd 8/2/2024 9:10 PM Page 1

ਕੇ ਐੱਸ ਗੁਰੱਪ ਤੇ ਪੱਤਰਕਾਰ ਭਾਈਚਾਰੇ ਵੱਲੋਂ ਪੌਦੇ ਲਗਾਉਣ ਦੀ ਮੁਹਿੰਮ ਦਾ ਆਗਾਜ਼

ਮਾਲੇਰਕੋਟਲਾ (ਅਸਗਰ ਪਰਿਹਾਰ)- ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਤੇ ਧਰਤੀ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਤੇ ਪੰਜਾਬ ਦੇ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਤੇ ਰੰਗਲਾ ਪੰਜਾਬ ਮੁਹਿੰਮ ਤਹਿਤ ਨਾਮਵਰ ਕੇ ਐੱਸ ਗਰੁੱਪ ਤੇ ਪੱਤਰਕਾਰ (ਜ਼ਿਲ੍ਹਾ ਪ੍ਰੈੱਸ ਕਲੱਬ ਐਕਟਿਵ) ਭਾਈਚਾਰੇ ਨੇ ਨਿਵੇਕਲੀ ਪਹਿਲਕਦਮੀ ਤਹਿਤ ਫਲਦਾਰ, ਫੁੱਲਦਾਰ ਤੇ ਛਾਂਦਾਰ ਪੌਦੇ ਲਗਾਉਣ ਦੀ ਮੁਹਿੰਮ ਦਾ ਆਗਾਜ਼ ਕੀਤਾ। ਇਸ ਮੁਹਿੰਮ ਦੀ ਸ਼ੁਰੂਆਤ ਡਿਪਟੀ ਕਮਿਸ਼ਨਰ ਡਾ. ਪੱਲਵੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ਼੍ਰੀਮਤੀ ਨਵਦੀਪ ਕੌਰ ਤੇ ਕੇ ਐੱਸ ਗੁਰੱਪ ਦੇ ਚੇਅਰਮੈਨ ਤੇ ਉੱਘੇ ਵਾਤਾਵਰਣ ਪ੍ਰੇਮੀ ਇੰਦਰਜੀਤ ਸਿੰਘ ਮੁੰਡੇ ਨੇ ਦਫ਼ਤਰ ਡਿਪਟੀ ਕਮਿਸ਼ਨਰ ਵਿਖੇ ਕੇਸਰ ਅੰਬ ਤੇ ਸੰਤਰੇ ਦੇ ਪੌਦੇ ਲਗਾ ਕੇ ਕੀਤੀ।

ਡਿਪਟੀ ਕਮਿਸ਼ਨਰ ਨੇ ਪੱਤਰਕਾਰ ਭਾਈਚਾਰੇ ਤੇ ਕੇ ਐੱਸ ਗੁਰੱਪ ਵੱਲੋਂ ਆਰੰਭੇ ਸਾਂਝੇ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ 'ਚ ਹਰਿਆਲੀ ਵਧਾਉਣ ਸਬੰਧੀ ਕੀਤੇ ਐਲਾਨ ਤੋਂ ਬਾਅਦ ਜ਼ਿਲ੍ਹੇ ਵਿੱਚ "ਗ੍ਰੀਨ ਪੰਜਾਬ ਮਿਸ਼ਨ" ਤਹਿਤ ਵੱਖ-ਵੱਖ ਵਿਭਾਗਾਂ ਅਧੀਨ ਆਉਂਦੀਆਂ ਸਰਕਾਰੀ/ਗ਼ੈਰ-ਸਰਕਾਰੀ ਜ਼ਮੀਨਾਂ 'ਤੇ ਪੰਜ ਲੱਖ ਪੌਦੇ ਲਗਾਉਣ ਦਾ ਟੀਚਾ ਮੀਥਿਆ ਗਿਆ ਹੈ। ਡਾ.ਪੱਲਵੀ ਨੇ ਪੱਤਰਕਾਰਾਂ ਅਤੇ ਜ਼ਿਲ੍ਹੇ ਦੀ ਉਦਯੋਗਿਕ ਸੰਸਥਾ ਦੀ ਇਸ ਪਹਿਲ ਕਦਮੀ ਨੂੰ ਗਲੋਬਲ ਵਾਰਮਿੰਗ ਨਾਲ ਲੜਨ ਲਈ ਵਾਤਾਵਰਣ ਪੱਖੀ ਪਹੁੰਚ ਕਰਾਰ ਦਿੰਦਿਆਂ ਕਿਹਾ ਕਿ ਵਾਤਾਵਰਣ ਨੂੰ ਗੰਧਲਾ ਹੋਣ ਤੋਂ ਬਚਾਉਣ ਲਈ ਸੂਬੇ ਤੇ ਜ਼ਿਲ੍ਹੇ ਦੀਆਂ ਸਮਰਪਤ ਸੰਸਥਾਵਾਂ ਅੱਗੇ ਆ ਰਹੀਆਂ ਹਨ ਜੋ ਕਿ ਸ਼ਲਾਘਾਯੋਗ ਕਦਮ ਹੈ। ਇਸ ਮੌਕੇ ਉਨ੍ਹਾਂ ਦਫ਼ਤਰਾਂ, ਘਰਾਂ, ਫੈਕਟਰੀਆਂ, ਵਪਾਰਕ ਸਥਾਨਾਂ ਤੇ ਹੋਰ ਸਾਂਝੀਆਂ ਥਾਵਾਂ ਦੇ ਆਲੇ-ਦੁਆਲੇ ਵੱਧ ਤੋਂ ਵੱਧ ਪੌਦੇ ਲਗਾ ਕੇ ਵਾਤਾਵਰਣ ਨੂੰ ਸੁਰੱਖਿਅਤ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਡੀ.ਡੀ.ਪੀ.ਓ. ਸ਼੍ਰੀਮਤੀ ਰਿੰਪੀ ਗਰਗ, ਜ਼ਿਲ੍ਹਾ ਖੇਤੀਬਾੜੀ ਅਫ਼ਸਰ ਡਾ. ਹਰਬੰਸ ਸਿੰਘ, ਬੀ.ਡੀ.ਪੀ.ਓ. ਅਹਿਮਦਗੜ੍ਹ ਕ੍ਰਿਸ਼ਨ ਸਿੰਘ, ਜ਼ਿਲ੍ਹਾ ਪ੍ਰੈੱਸ ਕਲੱਬ ਐਕਟਿਵ ਦੇ ਮੈਂਬਰ ਜਮੀਲ ਖੇੜੀ ਵਾਲਾ, ਜ਼ਹੂਰ ਅਹਿਮਦ ਚੌਹਾਨ, ਪਾਰਸ ਜੈਨ, ਹਨੀਫ ਥਿੰਦ, ਜਸਵੀਰ ਸਿੰਘ ਜੱਸੀ, ਸ਼ੌਕਤ ਅਲੀ, ਮਨਦੀਪ ਸਿੰਘ, ਕੁਲਵੰਤ ਸਿੰਘ ਮੋਹਾਲੀ, ਇਸਮਾਈਲ ਏਸ਼ੀਆ, ਸਹਾਰਾ ਮੁਸਲਿਮ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਅਜ਼ਹਰ ਮੁਨੀਮ ਤੋਂ ਇਲਾਵਾ ਹੋਰ ਪੱਤਰਕਾਰ ਮੌਜੂਦ ਸਨ।

ਜ਼ੋਨਲ ਹੈਂਡਬਾਲ ਮੁਕਾਬਲਿਆਂ 'ਚ ਕਿੰਡਰ ਗਾਰਟਨ ਸਕੂਲ ਅੱਵਲ

ਸਮਰਾਲਾ (ਸੁਰਜੀਤ ਸਿੰਘ)-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਗਈਆਂ ਖੇਡਾਂ ਵਿੱਚ ਸਾਲ 2024-25 ਜ਼ੋਨਲ ਹੈਂਡਬਾਲ ਖੇਡ ਮੁਕਾਬਲੇ ਕਿੰਡਰ ਗਾਰਟਨ ਐਂਡ ਸੀ. ਸੈੱ. ਸਕੂਲ ਵਿਚ ਜ਼ੋਨਲ ਹੈਂਡਬਾਲ ਲੜਕਿਆਂ ਦੇ ਫਾਇਨਲ ਖੇਡ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਅੰਡਰ-17 ਲੜਕਿਆਂ ਵਿੱਚ ਕਿੰਡਰ ਗਾਰਟਨ ਐਂਡ ਸੀ. ਸੈੱ. ਸਕੂਲ ਸਮਰਾਲਾ ਨੇ ਪਹਿਲਾ, ਐਵੀਅਰ ਕੌਨਵੈਂਟ ਸਕੂਲ ਨੇ ਦੂਜਾ ਤੇ ਸੈਂਟੀਨਲ ਸਕੂਲ ਸਮਰਾਲਾ ਨੇ ਤੀਜਾ ਸਥਾਨ ਹਾਸਲ ਕੀਤਾ।ਅੰਡਰ-14 ਲੜਕਿਆਂ ਹੈਂਡਬਾਲ ਵਿੱਚ ਐਵੀਅਰ ਕੌਨਵੈਂਟ ਸਕੂਲ ਨੇ ਪਹਿਲਾ, ਕਿੰਡਰ ਗਾਰਟਨ ਐਂਡ ਸੀ. ਸੈੱ. ਸਕੂਲ ਨੇ ਦੂਜਾ ਤੇ ਉਰੀਐਂਟ ਇੰਟਰਨੈਸ਼ਨਲ ਸਕੂਲ ਨੇ ਤੀਜਾ ਸਥਾਨ ਹਾਸਲ ਕੀਤਾ।ਅੰਡਰ-19 ਲੜਕਿਆਂ ਹੈਂਡਬਾਲ ਵਿੱਚ ਕਿੰਡਰ ਗਾਰਟਨ ਐਂਡ ਸੀ.ਸੈੱ.ਸਕੂਲ ਸਮਰਾਲਾ ਨੇ ਪਹਿਲਾ, ਐਮ.ਏ.ਐਮ. ਸਕੂਲ ਨੇ ਦੂਜਾ ਤੇ ਉਰੀਐਂਟ ਇੰਟਰਨੈਸ਼ਨਲ ਸਕੂਲ ਨੇ ਤੀਜਾ ਸਥਾਨ ਹਾਸਲ ਕੀਤਾ।ਸਕੂਲ ਦੇ ਚੇਅਰਮੈਨ ਦਲਜੀਤ ਸਿੰਘ ਸ਼ਾਹੀ, ਡਾਇਰੈਕਟਰ ਮੈਡਮ ਸਰਬਜੀਤ ਕੌਰ, ਪ੍ਰਿੰਸੀਪਲ ਮੈਡਮ ਰਣਜੋਤ ਕੌਰ ਨੇ ਬੱਚਿਆਂ ਨੂੰ ਮਿਹਨਤ ਤੇ ਲਗਨ ਨਾਲ ਖੇਡਣ ਲਈ ਪ੍ਰੇਰਤ ਕੀਤਾ ਤੇ ਡੀ. ਪੀ. ਮੈਡਮ ਹਰਪ੍ਰੀਤ ਕੌਰ ਤੇ ਸਾਰੇ ਕੋਚ ਸਾਹਿਬਾਨਾਂ ਨੂੰ ਵਧਾਈ ਦਿੱਤੀ।

ਜੇ ਕੇ ਐੱਸ ਪਬਲਿਕ ਸਕੂਲ ਦੇ ਵਿਦਿਆਰਥੀਆਂ ਗੁਰਦੁਆਰਾ ਸਾਹਿਬ 'ਚ ਬੂਟੇ ਲਗਾਏ

ਗੁਰ ਹਰਸਹਾਏ (ਮਨਦੀਪ ਸਿੰਘ ਸੋਢੀ)- 'ਇੱਕ ਰੁੱਖ ਮਾਂ ਕੇ ਨਾਮ' ਦੇ ਸ਼ਾਨਦਾਰ ਉਪਰਾਲੇ ਤਹਿਤ ਜੇ ਕੇ ਐੱਸ ਪਬਲਿਕ ਸਕੂਲ ਗੁਰੂ ਹਰਸਹਾਏ ਦੇ ਵਿਦਿਆਰਥੀਆਂ ਨੇ ਗੁਰਦੁਆਰਾ ਪ੍ਰਗਟ ਸਾਹਿਬ ਵਿਖੇ ਜਾ ਕੇ ਬੂਟੇ ਲਗਾਏ।ਇਸ ਦਾ ਉਦੇਸ਼ ਵਾਤਾਵਰਣ ਪ੍ਰਤੀ ਜਾਗਰੂਕਤਾ ਤੇ ਰੁੱਖ ਲਗਾਉਣ ਦੀ ਮਹੱਤਤਾ ਨੂੰ ਉਤਸ਼ਾਹਤ ਕਰਨਾ ਸੀ। ਉਨ੍ਹਾਂ ਨੇ ਹਰ ਇੱਕ ਬੂਟਾ ਆਪਣੀ ਕੁਦਰਤ ਰੂਪੀ ਮਾਂ ਦੇ ਨਾਮ ਦਾ ਲਗਾਇਆ, ਜੋ ਕਿ ਮਾਂ ਪ੍ਰਤੀ ਸ਼ੁਕਰਗੁਜ਼ਾਰੀ ਤੇ ਸਤਿਕਾਰ ਦਾ ਪ੍ਰਤੀਕ ਹੈ।ਇਸ ਸਾਲ ਦੀ 'ਮਾਂ ਦੇ ਨਾਮ ਇੱਕ ਰੁੱਖ' ਪਹਿਲਕਦਮੀ ਨੇ ਇੱਕ ਨਿੱਜੀ ਅਹਿਸਾਸ ਤੇ ਵਿਦਿਆਰਥੀਆਂ ਨੂੰ ਆਪਣੇ ਵਾਤਾਵਰਣ ਨੂੰ ਬਚਾਉਣ ਦੇ ਯਤਨਾਂ ਨਾਲ ਭਾਵਨਾਤਮਕ ਤੌਰ 'ਤੇ ਜੁੜਨ ਦਾ ਮੌਕਾ ਦਿੱਤਾ।ਇਸ ਮੌਕੇ

ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਮੀਨੂੰ ਮੋਂਗਾ ਨੇ ਵਾਤਾਵਰਨ ਦੀ ਇਸ ਸਕਾਰਾਤਮਕ ਤਬਦੀਲੀ ਵਿੱਚ ਵਿਦਿਆਰਥੀਆਂ ਦੀ ਭੂਮਿਕਾ ਬਾਰੇ ਚਾਨਣਾ ਪਾਇਆ।ਉਨ੍ਹਾਂ ਕਿਹਾ ਕਿ ਅੱਜ ਦੇ ਨੌਜਵਾਨ ਆਉਣ ਵਾਲੇ ਕੱਲ ਦੇ ਆਗੂ ਹਨ।ਅਜਿਹੀਆਂ ਪਹਿਲਕਦਮੀਆਂ ਵਿੱਚ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਇੱਕ ਹਰੇ ਤੇ ਸਿਹਤਮੰਦ ਵਾਤਾਵਰਣ ਨੂੰ ਯਕੀਨੀ ਬਣਾਏਗੀ।ਅੰਤ ਵਿੱਚ ਹਾਜ਼ਰ ਸਮੂਹ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਬੂਟੇ ਲਗਾਉਣ ਤੇ ਵਾਤਾਵਰਨ ਦੀ ਸੰਭਾਲ ਕਰਨ ਦਾ ਪ੍ਰਣ ਲਿਆ ਗਿਆ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ-ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ

ਵਿਸ਼ਾ: ਮਾਲ ਰਿਕਾਰਡ ਵਿਚ ਨਾਂਅ ਦੀ ਦਰੁਸਤੀ ਕਰਨ ਸਬੰਧੀ

ਨੋਟਿਸ ਬਨਾਮ ਜਨਰਲ ਪਬਲਿਕ

ਹੁਕਮ

ਪ੍ਰਾਰਥੀ ਬੁੱਧ ਸਿੰਘ ਪੁੱਤਰ ਰੱਖਾ ਸਿੰਘ ਵਾਸੀ ਪਿੰਡ ਮਸਤੀਵਾਲ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਨੇ ਇਕ ਦਰਖਾਸਤ ਦਿੱਤੀ ਹੈ ਕਿ ਮਾਲ ਰਿਕਾਰਡ ਵਾਕਿਆ ਰਕਬਾ ਪੰਡੋਰੀ ਅਟਵਾਲ/440, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਉਸ ਦਾ ਨਾਂਅ ਬੁੱਧ ਰਾਮ ਪੁੱਤਰ ਰੱਖਾ ਰਾਮ ਪੁੱਤਰ ਸਾਈਂ ਦਿੱਤਾ ਗਲਤ ਚੱਲਿਆ ਆ ਰਿਹਾ ਹੈ, ਜਦ ਕਿ ਉਸ ਦਾ ਅਸਲ ਨਾਂਅ ਬੁੱਧ ਸਿੰਘ ਪੁੱਤਰ ਰੱਖਾ ਰਾਮ ਪੁੱਤਰ ਸਾਈਂ ਦਿੱਤਾ ਹੈ। ਪ੍ਰਾਰਥੀ ਨੇ ਇਸ ਨਾਂਅ ਦੀ ਦਰੁਸਤੀ ਲਈ ਦਰਖਾਸਤ ਪੇਸ਼ ਕੀਤੀ ਹੈ। ਪ੍ਰਾਰਥੀ ਵੱਲੋਂ ਦਰਖਾਸਤ ਨਾਲ ਆਪਣੇ ਆਧਾਰ ਕਾਰਡ, ਐਕਸ ਸਰਵਿਸ ਕਾਰਡ, ਪੈਨ ਕਾਰਡ, ਭਾਰਤ ਚੋਣ ਕਮਿਸ਼ਨ ਸ਼ਨਾਖਤੀ ਕਾਰਡ ਆਦਿ ਦੀਆਂ ਫੋਟੋ ਕਾਪੀਆਂ ਸਬੂਤ ਵਜੋਂ ਪੇਸ਼ ਕੀਤੀਆਂ ਹਨ। ਪ੍ਰਾਰਥੀ ਦੀ ਦਰਖਾਸਤ ਅਤੇ ਦਸਤਾਵੇਜ਼ਾਂ ਦੇ ਆਧਾਰ 'ਤੇ ਮਾਲ ਰਿਕਾਰਡ ਪਿੰਡ ਪੰਡੋਰੀ ਅਟਵਾਲ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਨਾਂਅ ਦੀ ਸੋਧ ਕੀਤੀ ਜਾਣੀ ਹੈ। ਇਸ ਨਾਂਅ ਦੀ ਸੋਧ ਦੇ ਸਬੰਧ ਵਿਚ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਅਸਲਤਨ ਜਾਂ ਵਕਾਲਤਨ ਮੇਰੇ ਦਫਤਰ/ਅਦਾਲਤ ਵਿਚ ਹਾਜ਼ਰ ਹੋ ਕੇ ਆਪਣਾ ਇਤਰਾਜ਼ ਨੋਟਿਸ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਇਤਰਾਜ਼ ਕਾਬਲੇ ਸਮਾਇਤ ਨਾ ਹੋਵੇ ਅਤੇ ਨਾਂ ਦੀ ਸੋਧ ਕਰ ਦਿੱਤੀ ਜਾਵੇਗੀ।

ਅੱਜ ਮਿਤੀ 22.07.2024 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਦੇ ਨਾਲ ਜਾਰੀ ਹੋਇਆ।

ਨਾਇਬ-ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਗੜ੍ਹਦੀਵਾਲਾ

ਨੰ: 1034/ਰੀਡਰ ਮਿਤੀ : 22.07.24

ਲੋੜ ਹੈ

KGBVC ਹੋਸਟਲ ਵਲਟੋਹਾ ਵਿਚ ਵਾਰਡਨ (ਸਿਰਫ ਇਸਤਰੀ) ਦੀ ਭਰਤੀ ਸਬੰਧੀ ਸੂਚਨਾ। ਵਿਦਿਅਕ ਯੋਗਤਾ ਗਰੈਜੂਏਟ + ਅਕਾਊਂਟਸ ਅਤੇ ਦਫ਼ਤਰੀ ਕੰਮ ਵਿਚ ਇਕ ਸਾਲ ਦਾ ਤਜ਼ਰਬਾ। ਹੋਸਟਲ ਵਿਚ 24 ਘੰਟੇ ਹਾਜ਼ਰ ਰਹੇਗੀ। ਮਾਣਭੱਤਾ 16777/- ਪ੍ਰਤੀ ਮਹੀਨਾ, 10-8-24 ਤੱਕ ਅਪਲਾਈ ਕਰੋ, 12-8-24 ਇੰਟਰਵਿਊ ਲਈ ਪਹੁੰਚੋ। 8872127350, 9855295328

ਪਬਲਿਕ ਨੋਟਿਸ

ਮੈ ਸੁਖਜੀਤ ਕੌਰ ਪਤਨੀ ਪਰਮਜੀਤ ਸਿੰਘ ਵਾਸੀ ਮਕਾਨ ਨੰ 14 ਕੂਲ ਕੋਡ ਗੁਰਜੇਪਾਲ ਨਗਰ ਤਹਿ ਵਾ ਜਿਲਾ ਜਲੰਧਰ ਦੀ ਹਾਂ। ਮੇਰੀ ਇੱਕ ਜਾਇਦਾਦ ਮਕਾਨ ਨੰ 13-B ਗੁਰਜੇਪਾਲ ਨਗਰ ਜਲੰਧਰ ਵੀ ਹੈ। ਜਿਸਦਾ ਇਕ ਦਸਤਾਵੇਜ ਅਸਲ ਰਜਿਸਟਰੀ ਨੰ 11124 ਮਿਤੀ 19/2/2007 ਸੀ ਜੋ ਕੀ ਮੇਰੇ Handbag ਵਿੱਚ ਸੀ ਜੋ ਕਿ ਮਾਡਲ ਟਾਊਨ ਵਿਖੇ ਕਿਤੇ ਗੁਆਚ ਗਈ ਹੈ। ਜੇਕਰ ਕਿਸੇ ਵਿਅਕਤੀ ਨੂੰ ਇਹ ਮਿਲੇ ਜਾਂ ਕੋਈ ਇਤਰਾਜ ਹੋਵੇ ਤਾਂ ਵਿਕਾਸ ਸੂਦ ਐਡਵੋਕੇਟ (M-9814094356) ਜਾਂ ਟਾਟਾ ਕੈਪੀਟਲ ਹਾਊਸਿੰਗ ਫਾਈਨਾਂਸ ਜਲੰਧਰ ਵਿੱਖੇ ਸੰਪਰਕ ਕਰੋ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ, ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ

ਫਾਸਟ ਟਰੈਕ ਕੋਰਟ ਫਾਰ ਐੱਨ. ਆਰ. ਆਈਜ਼. ਜਲੰਧਰ।

ਕੇਸ ਨੰ: 489/ਐੱਫ. ਟੀ. ਸੀ./ਐੱਨ.ਆਰ. ਆਈਜ਼

ਕੇਸ ਅਨੁਵਾਨ - ਸੁਖਵਿੰਦਰ ਸਿੰਘ ਅਤੇ ਹੋਰ ਬਨਾਮ ਸੁਰਜੀਤ ਸਿੰਘ ਅਤੇ ਹੋਰ

ਖੇਵਟ- 147, 148, 613 ਵਾਕਿਆ ਪਿੰਡ - ਕੋਟ ਕਲਾਂ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 1. Sukhwinder Singh S/o Niranjan Singh S/o Sohan Singh R/o 63, Glanmor Road, Upton Lea Slough SL2 5LH U.K. at present Village Kot Kalan, Tehsil and Distt. Jalandhar, 2. Sukhdev Singh S/o Niranjan Singh S/o Sohan Singh Permanent R/o 46, Hampshire Avenue,Slough, SL1 3AQ United Kingdom at present Village Kot Kalan , Tehsil and Distt. Jalandhar. (Applicant)

V/s ਨੋਟਿਸ ਬਨਾਮ

1.Surjit Singh S/o Malkiat Singh S/o Thakur Singh, 2. Mandeep Kaur W/o Harbinderjit Singh S/o Mehtab Singh S/o Darbara Singh, 3. Rajbinderjit Kaur Sandhu Wd/o Gurdial Singh, 4. Anudeep Singh S/o Ravinder Singh, 5. Mukhtiar Kaur W/o Balvir Singh S/o Arjan Singh, 6. Kuldeep Bhagat S/o Raj Krishan Bhagat, 7. Sushma Bhagat W/o Kuldeep Bhagat S/o Raj Krishan Bhagat, 8. Harbir Singh S/o Harbinderjit Singh S/o Mehtab Singh S/o Darbara Singh, 9. Harbinderjit Singh S/o Mehtab Singh S/o Darbara Singh, 10. Adarsh Kaur D/o Harbinderjit Singh W/o Hemandeep Singh, 11. Joginder Kaur D/o Gurbachan Singh S/o Thakur Singh, 12. Gundeep Singh S/o Ravinder Singh, 13. Mukhtiar Kaur W/o Balvir Singh S/o Arjan Singh. (Respondents)

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 05.08.2024 ਨੂੰ ਦੁਪਹਿਰ 02.00 ਵਜੇ ਦੀ ਤਰੀਕ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਵੇ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 17.07.2024 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ. ਆਰ. ਆਈਜ਼. ਜਲੰਧਰ।

ਨੰ: 417/ਰੀਡਰ/ਡੀ. ਆਰ. ਓ. ਮਿਤੀ : 17.7.24

COURT NOTICE

(U/o 5 Rule 20 CPC)
IN THE COURT OF
Mrs. Manzra Dutta
Civil Judge (Junior Division), Kharar
Jatin Kumar
Vs.
General Public
CNR No. PBSAA0-000875-2024
Next Date:- 09-08-2024
Publication Issued To:
General Public :-
General Public

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 09-08-2024 at 10:00 a.m.

For details logon to https://highcourtchd.gov.in/?trs-district_notice&district=SAS Nagar

Civil Judge (Junior Division) Kharar

Dated, this day of 31-07-2024

COURT NOTICE

(U/o 5 Rule 20 CPC)
In the Court of
Ms. Amandeep Kamboj
Additional Civil Judge (Senior Division), Nabha
CNR No. PBPTB0-001291-2022
Next Date :- 13-09-2024
The Patiala Central Co-op Bank Ltd.
Vs.
Harpreet Singh
Publication Issued to :

Harpreet Singh S/o Mewa Singh, Village Chathe, PO. Galwatti, Tehsil Nabha, Distt. Patiala.

Jagroop Singh S/o Inder Singh, R/o Village Chathe, PO. Galwatti, Tehsil Nabha, Distt. Patiala.

Jaspreet Singh S/o Mewa Singh, Village Chathe, PO. Galwatti, Tehsil Nabha, Distt. Patiala.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 13.09.2024 at 10:00 A.M.

For details logon to https://highcourtchd.gov.in/?trs=district_notice&district= Patiala

Additional Civil Judge (Senior Division), Nabha

Dated, this day of 31.07.2024

COURT NOTICE

In the Court of
Sh. Palwinder Singh
Judicial Magistrate-1st Class - 6, Patiala
CNR No. PBPT03-007744-2020
Next Date : 05-09-2024
Dr. Som Nath Goyal
Vs.
Navjot Singh
Publication Issued to :

Navjot Singh S/o Jarnail Singh, R/o Village Sherpur Khurd, Ludhiana, Sherpur Kalan, Distt. Ludhiana.

In above titled case, the accused could not be served. It is ordered that accused should appear in person or through counsil on 05.09.2024 at 10:00 A.M.

For details logon to https://highcourtchd.gov.in/?trs=district_notice&district= Patiala

Judicial Magistrate-1st Class-6, Patiala

Dated this day of 01.08.2024

COURT NOTICE

(U/o 5 Rule 20 CPC)
In the Court of
Sh. Varun Deep Chopra
Civil Judge (Junior Division)-2 Jalandhar
CNR No. PBJL02-004102-2023
Next Date :- 05-09-2024
Food Corporation of India
Vs.
Mangat Rice and General Mills

Petition Under Section 34 of Arbitration and Concillation Act for Setting aside the award deted 29.05.2023 Passed by the Arbitrator

Publication Issued to :

Sandeep Arora :- Rajinder Arora

Mohalla Kartar Nagar, Shahkot, Distt., Jalandhar.

In above titled case, the defendant(s)/respondent(s) could not be served. It is ordered that defendant (s)respondent(s) should appear in person or through counsel on 05.09.2024 at 10:00 a.m.

For details logon to https://highcourtchd.gov.in/?trs=district_notice&district=Jalandhar

Civil Judge (Junior Division)-2 Jalandhar

Dated this day of 25-07-2024

DASTI

DELHI INTERNATIONAL ARBITRATION CENTRE (DIAC)
Delhi High Court Campus, S- Block, Zakir Hussain Marg, New Delhi-110503
(Ph: 011-23386492, Fax: 011-23386493, Website: http://dhcdiac.nic.in/)

To ...Respondent

HN Steel Castings Private Limited, Village Bathri, Tehsil Haroli, Tahliwal, UNA , Himachal Pradesh. ca_compliance@yahoo.com , 9888102929

M/s S.R. Steels, Office at B-15/295, G.T. Road, Millar Ganj Ludhiana, Punjab, India-141003

SURINDER KUMAR ARORA, B-15/295, G. T. Road, Miller Ganj Ludhiana, Punjab, India-141003

RAJNI ARORA, B-15/295, G. T. Road, Miller Ganj Ludhiana, Punjab, India-141003

ANUJ ARORA, B-15/295, G. T. Road, Miller Ganj Ludhiana, Punjab, India-141003

In the matter of Arbitration between: M/s. Bajrang Iron Pvt Ltd Vs HN Steel Castings Pvt Ltd & Ors.

Arb. No. ARB.P/1192/2022, Case Ref. No.: DIAC/8189/04-24 (Quote this reference no. for future communications with DIAC).

Sir/Madam,

This is to inform you that, as per the directions of Mr. M.S. Oberol, Advocate (Sole Arbitrator) the **next date of hearing in the matter is fixed on [13/08/2024) at [11:30 A.M.) at DIAC.**

The parties/ counsels are required to ensure their presence on the date and time fixed.

(Please find attached a copy of order dated 06.07.2024 passed by the Ld. Sole Arbitrator in the captioned arbitration case.) **Mr. Milan Goel (Additional Coordinator)**

ਕਲਾਸੀਫਾਈਡ ਇਸ਼ਤਿਹਾਰ

Change of Name

I, Sourav S/o Ravinder Kumar R/o Vill. Jandiali, PO. Jamsher Khas, Jalandhar have changed my name from Sourav to Sourav Bhatoe.

I, Bharat Kumar Dhir S/O Banarsi Dass R/O 37-A, Professor Colony, Tilak Nagar, Amritsar

3-AUG-PAGE-7.qxd 8/2/2024 8:27 PM Page 1

ਜੀ ਟੀ ਯੂ ਵੱਲੋਂ ਪ੍ਰਮੋਸ਼ਨਾਂ ਰੋਕਣ ਦੇ ਵਿਰੋਧ 'ਚ 8 ਤੇ 9 ਨੂੰ ਜ਼ਿਲ੍ਹਾ ਪੱਧਰੀ ਧਰਨਿਆਂ ਦਾ ਐਲਾਨ

- 4 ਸਤੰਬਰ ਨੂੰ ਮੋਹਾਲੀ ਵਿਖੇ ਹੋਵੇਗਾ ਸੂਬਾਈ ਪ੍ਰਦਰਸ਼ਨ
- ਮੁੱਖ ਮੰਤਰੀ ਵੱਲੋਂ ਵਾਰ-ਵਾਰ ਮੀਟਿੰਗ ਮੁਲਤਵੀ ਕਰਨ ਦੀ ਨਿੰਦਾ

ਜ਼ੀਰਾ (ਨਰਿੰਦਰ ਅਨੇਜਾ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੀ ਵਰਚੁਅਲ ਮੀਟਿੰਗ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ।

ਸੂਬਾ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਨੇ ਫੈਸਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਧਿਆਪਕਾਂ ਦੇ ਹਰ ਵਰਗ ਦੀਆਂ ਤਰੱਕੀਆਂ ਤੁਰੰਤ ਕਰਨ, ਅਧਿਆਪਕਾਂ ਨੂੰ ਪੂਰੇ ਤਨਖਾਹ ਸਕੇਲ ਤੇ ਪੱਕੇ ਕਰਨ, ਪਿਕਟਸ ਸੁਸਾਇਟੀ ਵਿੱਚ ਰੈਗੂਲਰ ਕੰਪਿਊਟਰ ਅਧਿਆਪਕਾਂ ਨੂੰ ਵਿਭਾਗ ਵਿੱਚ ਸ਼ਿਫਟ ਕਰਨ ਤੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ, ਅਧਿਆਪਕਾਂ ਵੱਲੋਂ ਖਰਚ ਕੀਤੀਆਂ ਗਈਆਂ ਗਰਾਂਟਾਂ ਤੁਰੰਤ ਜਾਰੀ ਕਰਨ, ਹਰ ਭਰਤੀ ਲਈ ਨਿਯੁਕਤੀ ਦੇ ਸਮੇਂ ਤੋਂ ਪੂਰੀ ਤਨਖਾਹ ਜਾਰੀ ਕਰਨ, ਬਦਲੀਆਂ ਵਿੱਚ ਨਵ-ਨਿਯੁਕਤ ਅਧਿਆਪਕਾਵਾਂ ਨੂੰ ਪਹਿਲ ਦੇਣ, ਅਧਿਆਪਕਾਂ ਤੋਂ ਹਰ ਤਰ੍ਹਾਂ ਦੇ ਗੈਰ-ਵਿੱਦਿਅਕ ਕੰਮ ਲੈਣੇ ਬੰਦ ਕਰਨ, ਮਾਨਯੋਗ ਅਦਾਲਤਾਂ ਵੱਲੋਂ ਅਧਿਆਪਕ ਪੱਖੀ ਕੀਤੇ ਗਏ ਫੈਸਲੇ ਲਾਗੂ ਕਰਵਾਉਣ ਸਮੇਤ ਅਧਿਆਪਕ ਮੰਗਾਂ ਦੀ ਪ੍ਰਾਪਤੀ ਲਈ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ 8 ਤੇ 9 ਅਗਸਤ ਨੂੰ ਜ਼ਿਲ੍ਹਾ ਸਿੱਖਿਆ ਦਫ਼ਤਰਾ ਅੱਗੇ ਧਰਨੇ ਦੇ ਕੇ ਉੱਚ ਸਿੱਖਿਆ ਅਧਿਕਾਰੀਆਂ, ਸਿੱਖਿਆ ਮੰਤਰੀ ਤੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਣ ਦਾ ਫੈਸਲਾ ਕੀਤਾ ਗਿਆ ਹੈ।ਇਸ ਉਪਰੰਤ 4 ਸਤੰਬਰ ਨੂੰ ਵਿੱਦਿਆ ਭਵਨ ਮੋਹਾਲੀ ਸਾਹਮਣੇ ਸੂਬਾਈ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਮੀਟਿੰਗ ਵਿੱਚ ਮੁੱਖ ਮੰਤਰੀ ਵੱਲੋਂ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨਾਲ ਹੋਣ ਵਾਲੀ ਮੀਟਿੰਗ ਵਾਰ-ਵਾਰ ਮੁਲਤਵੀ ਕਰਨ ਦੀ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਮੁੱਖ ਮੰਤਰੀ ਵੱਲੋਂ ਪਹਿਲਾਂ 25 ਜੁਲਾਈ ਤੇ ਹੁਣ 2 ਅਗਸਤ ਦੀ ਮੀਟਿੰਗ ਮੁਲਤਵੀ ਕਰਨ ਦੇ ਵਿਰੋਧ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ 5-6 ਅਗਸਤ ਨੂੰ ਪੰਜਾਬ ਸਰਕਾਰ ਦੀਆਂ ਅਰਥੀਆਂ ਤੇ ਲਾਰਿਆਂ ਦੀਆਂ ਪੰਡਾਂ ਫੂਕਣ ਦੇ ਐਕਸ਼ਨਾਂ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਮੀਟਿੰਗ ਵਿੱਚ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜਨਰਲ ਸਕੱਤਰ ਤੀਰਥ ਬਾਸੀ, ਅਮਨਦੀਪ ਸ਼ਰਮਾ, ਕੁਲਦੀਪ ਪੁਰੋਵਾਲ, ਮਨੋਹਰ ਲਾਲ ਸ਼ਰਮਾ, ਨਰਿੰਦਰ ਮਾਖਾ, ਬਲਵਿੰਦਰ ਭੁੱਟੋ, ਹਰਿੰਦਰ ਮੱਲੀ, ਰਾਜੀਵ ਹਾਂਡਾ, ਗੁਰਦਾਸ ਸਿੱਧੂ, ਜਸਵਿੰਦਰ ਸਮਾਣਾ, ਪ੍ਰਭਜੀਤ ਸਿੰਘ ਰਸੂਲਪੁਰ, ਗਣੇਸ਼ ਭਗਤ, ਰਵਿੰਦਰ ਪੱਪੀ, ਦੇਵੀ ਦਿਆਲ, ਗਣੇਸ਼ ਭਗਤ, ਸੁਭਾਸ਼ ਪਠਾਨਕੋਟ, ਜੱਜਪਾਲ ਬਾਜੇ ਕੇ, ਸੁੱਚਾ ਸਿੰਘ ਟਰਪਈ, ਬਲਦੇਵ ਸਿੰਘ ਬਰਾੜ, ਮਨਪ੍ਰੀਤ ਸਿੰਘ, ਨੂਰ ਮਹੰਮਦ ਜਗਜੀਤ ਮਾਨਸਰਬਜੀਤ ਸਿੰਘ ਧਾਲੀਵਾਲ, ਹਰਮਨਦੀਪ ਸਿੰਘ, ਗੁਰਮੇਲ ਸਿੰਘ, ਜਸਵੀਰ ਸਿੰਘ ਤਲਵਾੜਾ, ਪਰਮਜੀਤ ਸ਼ੋਰੇਵਾਲਾ, ਅੰਮ੍ਰਿਤਪਾਲ, ਕਮਲਜੀਤ ਜੈਨ, ਜਗਜੀਤ ਮਾਨ ਆਦਿ ਸ਼ਾਮਲ ਸਨ।

ਸਕੂਲ 'ਚ ਲੱਗੀ ਅੱਗ ਕਾਰਨ ਵਿਦਿਆਰਥੀਆਂ 'ਚ ਮਚੀ ਹਫੜਾ ਦਫੜੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਓ. ਪੀ. ਬਾਂਸਲ ਸਕੂਲ ਮੰਡੀ ਗੋਬਿੰਦਗੜ੍ਹ ਵਿਖੇ ਅਚਾਨਕ ਲੱਗੀ ਅੱਗ ਕਾਰਨ ਦਸ ਦੇ ਕਰੀਬ ਸਕੂਲ ਵਿਦਿਆਰਥੀਆਂ ਦੇ ਪ੍ਰਭਾਵਿਤ ਹੋਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਵੀਰਵਾਰ ਦੁਪਹਿਰ ਜਦੋਂ ਸਕੂਲ ਲੱਗਿਆ ਹੋਇਆ ਸੀ ਤੇ ਸਕੂਲ ਦੇ ਵਿਦਿਆਰਥੀ ਆਪੋ-ਆਪਣੀਆਂ ਕਲਾਸਾਂ ਵਿੱਚ ਮੌਜੂਦ ਸਨ ਤਾਂ ਸਕੂਲ ਦੇ ਇੱਕ ਕਮਰੇ, ਜਿਸ ਵਿੱਚ ਇੰਟਰਨੈੱਟ ਤੇ ਬਿਜਲੀ ਦੇ ਜੰਕਸ਼ਨ ਬਾਕਸ ਵਗੈਰਾ ਲੱਗੇ ਹੋਏ ਹਨ, ਵਿੱਚ ਅਚਾਨਕ ਅੱਗ ਲੱਗ ਗਈ, ਜਿਸ ਕਾਰਨ ਸਕੂਲ 'ਚ ਧੂੰਆਂ ਫੈਲ ਗਿਆ ਤੇ ਵਿਦਿਆਰਥੀਆਂ 'ਚ ਹਫੜਾ ਦਫੜੀ ਮਚ ਗਈ।ਸਕੂਲ ਦੇ ਸਟਾਫ ਵੱਲੋਂ ਕਾਹਲੀ ਨਾਲ ਬਿਲਡਿੰਗ 'ਚੋਂ ਬੱਚਿਆਂ ਨੂੰ ਬਾਹਰ ਕੱਢਿਆ ਗਿਆ।ਅੱਗ ਦੇ ਧੂੰਏਂ ਕਾਰਨ ਵਿਦਿਆਰਥੀ ਅਸਹਿਜ ਮਹਿਸੂਸ ਕਰਨ ਲੱਗ ਪਏ, ਜਿਨ੍ਹਾਂ 'ਚੋਂ 10 ਦੇ ਕਰੀਬ ਵਿਦਿਆਰਥੀਆਂ ਦੀ ਤਬੀਅਤ ਵਿਗੜ ਜਾਣ 'ਤੇ ਉਨ੍ਹਾਂ ਨੂੰ ਹਸਪਤਾਲ 'ਚ ਲਿਜਾਇਆ ਗਿਆ, ਜਿੱਥੇ ਮੁੱਢਲੀ ਸਹਾਇਤਾ ਦੇਣ ਉਪਰੰਤ ਵਿਦਿਆਰਥੀਆਂ ਨੂੰ ਛੁੱਟੀ ਦੇ ਕੇ ਆਪੋ-ਆਪਣੇ ਘਰੀਂ ਭੇਜ ਦਿੱਤਾ ਗਿਆ, ਜਿਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ, ਜਿਸ 'ਤੇ ਅੱਗ ਬੁਝਾਊ ਯੰਤਰਾਂ ਦੀ ਮਦਦ ਨਾਲ ਕਾਬੂ ਪਾ ਲਿਆ ਗਿਆ।

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਡੀ ਐੱਸ ਪੀ ਦਾ ਫੂਕਿਆ ਪੁਤਲਾ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਬਲਾਕ ਸ਼ਹਿਰੀ ਦੀ ਮੀਟਿੰਗ ਬਲਾਕ ਆਗੂ ਸਰਵਨ ਸਿੰਘ ਸਿਆਲ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪੋਜੋਕੇ, ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਭੇਜ ਸਿੰਘ ਟਿੱਬੀ ਕਲਾਂ ਤੇ ਜ਼ਿਲ੍ਹਾ ਜਥੇਬੰਦਕ ਸਕੱਤਰ ਨਿਰਮਲ ਸਿੰਘ ਰੱਜੀਵਾਲਾ ਸ਼ਾਮਲ ਹੋਏ।ਮੀਟਿੰਗ ਵਿੱਚ 8 ਅਗਸਤ ਤੋਂ ਐੱਸ ਐੱਸ ਪੀ ਦਫਤਰ ਲੱਗਣ ਵਾਲੇ ਧਰਨੇ ਦੀ ਤਿਆਰੀ ਕਰਵਾਈ ਗਈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਜਥੇਬੰਦਕ ਸਕੱਤਰ ਨਿਰਮਲ ਸਿੰਘ ਰੱਜੀਵਾਲਾ ਨੇ ਦੱਸਿਆ ਕਿ 22 ਜੁਲਾਈ ਨੂੰ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਡੀ ਐੱਸ ਪੀ ਗੁਰੂ ਹਰਸਹਾਏ ਦੇ ਦਫਤਰ ਅੱਗੇ ਧਰਨਾ ਦਿੱਤਾ ਗਿਆ ਸੀ।ਉਸ ਸਮੇਂ ਡੀ ਐੱਸ ਪੀ ਅਤੁਲ ਸੋਨੀ ਵੱਲੋਂ ਜਥੇਬੰਦੀ ਦੇ ਆਗੂਆਂ ਨਾਲ ਭੱਦਰ ਵਿਹਾਰ ਕਰਨ ਤੇ ਧਰਨਾਕਾਰੀਆਂ ਦੀਆਂ ਮੰਗਾਂ ਨਾ ਸੁਣਨ ਦੇ ਰੋਸ ਵਜੋਂ ਜ਼ਿਲ੍ਹੇ ਦੀ ਮੀਟਿੰਗ ਵਿੱਚ ਐੱਸ ਐੱਸ ਪੀ ਦਫਤਰ ਫਿਰੋਜ਼ਪੁਰ ਵਿਖੇ ਧਰਨਾ ਲਾਉਣ ਦਾ ਫੈਸਲਾ ਕੀਤਾ ਗਿਆ ਸੀ।ਅੱਜ ਫਿਰੋਜ਼ਪੁਰ ਸ਼ਹਿਰੀ ਬਲਾਕ ਦੀ ਮੀਟਿੰਗ ਕਰਕੇ ਧਰਨੇ ਦੀ ਤਿਆਰੀ ਕਰਵਾਈ ਗਈ ਤੇ ਜ਼ਿੰਮੇਵਾਰੀ ਦਿੱਤੀਆਂ ਗਈਆਂ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਫਿਰੋਜ਼ਪੁਰ ਅੰਦਰ ਵੱਖ ਵੱਖ ਥਾਣਿਆਂ ਵਿੱਚ ਕੀਤੇ ਗਏ ਝੂਠੇ ਮੁਕੱਦਿਮਆ ਨੂੰ ਰੱਦ ਕਰਵਾਉਣ ਲਈ ਤੇ ਠੱਗੀ ਦੇ ਸ਼ਿਕਾਰ ਕਿਸਾਨਾਂ ਦੇ ਪੈਸੇ ਵਾਪਸ ਦਿਵਾਏ ਜਾਣ।ਉਨ੍ਹਾਂ ਠੱਗਾ ਖਿਲਾਫ ਮੁਕੱਦਮੇ ਦਰਜ ਕਰਕੇ ਦੋਸ਼ੀਆਂ ਉੱਪਰ ਕਾਰਵਾਈ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਕਿਸਾਨਾਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਸ਼ਾਮਲ ਹੋਣਗੇ।ਮੀਟਿੰਗ ਦੇ ਅੰਤ ਵਿੱਚ ਗੁਰੂ ਹਰਸਹਾਏ ਦੇ ਡੀ ਐੱਸ ਪੀ ਅਤੁੱਲ ਸੋਨੀ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਇਕਾਈ ਪ੍ਰਧਾਨ ਵਿਰਸਾ ਸਿੰਘ ਪੱਧਰੀ, ਲੱਖਾ ਸਿੰਘ, ਗਿਆਨ ਸਿੰਘ, ਇਕਾਈ ਪ੍ਰਧਾਨ ਗੁਰਚਰਨ ਸਿੰਘ ਗਿੱਲ, ਅਮਨਦੀਪ ਸਿੰਘ, ਜਗਤਾਰ ਸਿੰਘ, ਇਕਾਈ ਪ੍ਰਧਾਨ ਵਿਰਸਾ ਸਿੰਘ ਰੱਜੀਵਾਲਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

ਕਾਤਰਾਂ

ਮਾਨਸਾ ਅਦਾਲਤ 'ਚ ਆਰੋਪੀ ਨੇ ਵਕੀਲ 'ਤੇ ਚਲਾਈ ਗੋਲ਼ੀ

ਮਾਨਸਾ (ਗੀਤਵਾਲ)-ਸਥਾਨਕ ਅਦਾਲਤ ਵਿੱਚ ਪਾਰਕਿੰਗ ਨੂੰ ਲੈ ਕੇ ਗੋਲ਼ੀ ਚੱਲਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਕਾਰ ਪਾਰਕ ਕਰਨ ਨੂੰ ਲੈ ਕੇ ਨੌਜਵਾਨ ਤੇ ਵਕੀਲ ਵਿਚਾਲੇ ਵਿਵਾਦ ਹੋ ਗਿਆ, ਜਿਸ ਤੋਂ ਬਾਅਦ ਆਰੋਪੀ ਨੌਜਵਾਨ ਨੇ ਵਕੀਲ ਉੱਤੇ ਗੋਲ਼ੀ ਚਲਾ ਦਿੱਤੀ। ਖੈਰੀਅਤ ਰਹੀ ਕਿ ਇਸ ਹਮਲੇ ਵਿੱਚ ਵਕੀਲ ਨੂੰ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਇਸ ਤੋਂ ਬਾਅਦ ਪੁਲਸ ਨੇ ਗੋਲ਼ੀ ਚਲਾਉਣ ਵਾਲੇ ਨੌਜਵਾਨ ਅਰਸ਼ਦੀਪ ਸਿੰਘ ਨੂੰ ਹਿਰਾਸਤ ਵਿੱਚ ਲੈ ਕੇ ਮਾਮਲਾ ਦਰਜ ਕਰ ਲਿਆ ਹੈ। ਫਿਲਹਾਲ ਪੁਲਸ ਇਸ ਮਾਮਲੇ ਦੀ ਜਾਂਚ ਵਿੱਚ ਜੁਟੀ ਹੈ ਕਿ ਇਹ ਵਿਵਾਦ ਪਾਰਕਿੰਗ ਨੂੰ ਲੈ ਕੇ ਹੋਇਆ ਜਾਂ ਫਿਰ ਇਸ ਦੇ ਪਿੱਛੇ ਕੋਈ ਹੋਰ ਵਜ੍ਹਾ ਹੈ।

ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੀ ਮੀਟਿੰਗ

ਜਲਾਲਾਬਾਦ (ਜੀਤ ਕੁਮਾਰ)-ਪੈਨਸ਼ਨਰਜ਼ ਐਸੋਸੀਏਸ਼ਨ ਜਲਾਲਾਬਾਦ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਦੇਸ ਰਾਜ ਗਾਂਧੀ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ ਭਵਨ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਬਤੌਰ ਸੈਕਟਰੀ ਪ੍ਰਵੇਸ਼ ਖੰਨਾ ਨੇ ਬਾਖੂਬੀ ਨਿਭਾਈ। ਉਨ੍ਹਾਂ ਨੇ ਸਟੇਜ ਦੀ ਕਾਰਵਾਈ ਸ਼ੁਰੂ ਕਰਦੇ ਹੋਏ ਸਭ ਤੋਂ ਪਹਿਲਾਂ ਮਹਿਰੂਮ ਰਣਬੀਰ ਸਿੰਘ ਦੀ ਬੇਵਕਤੀ ਹੋਈ ਮੌਤ 'ਤੇ ਇਕ ਮਿੰਟ ਦਾ ਮੌਨ ਧਾਰਨ ਕਰਵਾ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਤੋਂ ਬਾਅਦ ਰਾਜ ਕੁਮਾਰ ਬਜਾਜ ਦੇ ਮਾਤਾ ਸ਼੍ਰੀਮਤੀ ਲੀਲਾਵੱਤੀ ਦੀ ਮੌਤ 'ਤੇ ਵੀ ਸ਼ੋਕ ਮਤਾ ਪਾਸ ਕੀਤਾ ਗਿਆ। ਇਸ ਦੇ ਬਾਅਦ ਦੁਨੀ ਚੰਦ ਬੱਤਰਾ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਸਾਨੂੰ ਮੌਜੂਦਾ ਸਰਕਾਰ ਵਿਰੁੱਧ ਪੰਜਾਬ ਪੱਧਰੀ ਰੈਲੀ ਚੰਡੀਗੜ੍ਹ ਵਿਖੇ ਕਰਨ ਦੀ ਲੋੜ ਹੈ ਤਾਂ ਜੋ ਸਰਕਾਰ ਨੂੰ ਆਪਣੇ ਏਕੇ ਦੇ ਸਬੂਤ ਨਾਲ ਆਪਣੀਆਂ ਮੰਗਾਂ ਮਨਵਾਉਣ ਲਈ ਮਜਬੂਰ ਕੀਤਾ ਜਾ ਸਕੇ। ਮੀਟਿੰਗ ਵਿੱਚ ਦੇਸ ਰਾਜ ਕੰਬੋਜ, ਗੁਰਦੀਪ ਸਿੰਘ ਛਾਬੜਾ, ਰਾਜ ਕੁਮਾਰ ਕੈਸ਼ੀਅਰ, ਸੁਭਾਸ਼ ਮਗਾਨ, ਸਤੀਸ਼ ਚਰਾਇਆ, ਪ੍ਰਵੇਸ਼ ਖੰਨਾ, ਹਰਜੀਤ ਸਿੰਘ ਆਦਿ ਪੈਨਸ਼ਨਰਜ਼ ਸਾਥੀਆ ਨੇ ਸੰਬੋਧਨ ਕੀਤਾ।

ਨਸ਼ੇ ਦੀਆਂ ਗੋਲੀਆਂ ਸਮੇਤ ਗ੍ਰਿਫ਼ਤਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬਸੀ ਪਠਾਣਾਂ ਪੁਲਸ ਨੇ ਇੱਕ ਵਿਅਕਤੀ ਨੂੰ ਪਾਬੰਦੀਸ਼ੁਦਾ ਨਸ਼ੇ ਦੀਆਂ 500 ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਬਸੀ ਪਠਾਣਾਂ ਦੀ ਦਾਣਾ ਮੰਡੀ ਨਜ਼ਦੀਕ ਗਸ਼ਤ ਕਰ ਰਹੀ ਪੁਲਸ ਪਾਰਟੀ ਨੂੰ ਦੇਖ ਕੇ ਦਾਣਾ ਮੰਡੀ ਦੇ ਗੇਟ ਕੋਲ ਆ ਰਿਹਾ ਇੱਕ ਵਿਅਕਤੀ ਲੁਕਣ ਦੀ ਕੋਸ਼ਿਸ਼ ਕਰਨ ਲੱਗਾ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਪੁਲਸ ਕਰਮਚਾਰੀਆਂ ਵੱਲੋਂ ਉਸ ਦਾ ਨਾਮ ਪਤਾ ਪੁੱਛਿਆ ਗਿਆ ਤਾਂ ਉਸ ਨੇ ਆਪਣੀ ਪਹਿਚਾਣ ਮਨਿੰਦਰ ਸਿੰਘ ਵਾਸੀ ਪਿੰਡ ਦੁਫੇੜਾ ਵਜੋਂ ਦੱਸੀ।ਸਹਾਇਕ ਥਾਣੇਦਾਰ ਸਤਨਾਮ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਮਨਿੰਦਰ ਸਿੰਘ ਦੇ ਕਬਜ਼ੇ 'ਚੋਂ 500 ਗੋਲੀਆਂ ਲੋਮੋਟਿਲ ਬਰਾਮਦ ਹੋਈਆਂ।ਥਾਣਾ ਬਸੀ ਪਠਾਣਾਂ ਵਿਖੇ ਦਰਜ ਕੀਤੇ ਗਏ ਮੁਕੱਦਮੇ ਵਿੱਚ ਮਨਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸਹਾਇਕ ਥਾਣੇਦਾਰ ਸਤਨਾਮ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਹਰਿਦੁਆਰ ਤੀਜੀ ਝੂਲਾ ਕਾਂਵੜ ਯਾਤਰਾ ਰਵਾਨਾ

ਜਲਾਲਾਬਾਦ (ਜੀਤ ਕੁਮਾਰ)-ਸਥਾਨਕ ਅਗਰਵਾਲ ਸਟ੍ਰੀਟ ਵਿੱਚ ਸਥਿਤ ਸ੍ਰੀ ਬਾਂਕੇ ਬਿਹਾਰੀ ਮੰਦਰ ਤੋਂ ਹਰਿਦੁਆਰ ਤੀਜੀ ਝੂਲਾ ਕਾਵੜ ਯਾਤਰਾ ਰਵਾਨਾ ਹੋਈ। ਇਸ ਮੌਕੇ ਮੰਦਰ ਦੇ ਪੁਜਾਰੀ ਲਾਲ ਚੰਦ ਸ਼ਰਮਾ ਨੇ ਵਿਧੀਪੂਰਵਕ ਪੂਜਾ ਪਾਠ ਕੀਤਾ ਤੇ ਇਸ ਯਾਤਰਾ ਨੂੰ ਰਵਾਨਾ ਕੀਤਾ। ਇਸ ਮੌਕੇ ਰੋਹਿਤ ਪਰਜਾਪਤ, ਰਮਨ ਸ਼ਰਮਾ, ਗੁਰਜੀਤ ਸਿੰਘ, ਸੰਦੀਪ ਸਿੰਘ, ਅਨਿਲ ਕੁਮਾਰ, ਕੇਸ਼ਵ ਕੁਮਾਰ, ਸੋਨੂੰ ਸੈਨ, ਮੌਂਟੂ ਸੈਨ, ਪਾਰਸ ਵਰਮਾ, ਮੋਮੀ ਮਿੱਡਾ, ਕਰਨ ਪਰਜਾਪਤ, ਤਨਸ਼ੂ ਪਰਜਾਪਤ, ਅਨੁਰਾਗ ਪਰਜਾਪਤ, ਪਵਨ ਅਰੋੜਾ, ਪਾਰਸ ਮੋਗਾ, ਚਿਰਾਗ ਅਰੋੜਾ ਆਦਿ ਮੌਜੂਦ ਸਨ।

ਇਤਿਹਾਸਕ ਗੁਰਦੁਆਰਾ ਸਾਹਿਬ 'ਚ ਸਿਲੰਡਰ ਫਟਿਆ, ਪੰਜ ਜ਼ਖਮੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਦੇ ਇਹਿਤਾਸਿਕ ਗੁਰਦੁਆਰਾ ਜਾਮਨੀ ਸਾਹਿਬ ਵਿੱਚ ਗੈਸ ਸਿਲੰਡਰ ਵਿੱਚ ਧਮਾਕਾ ਹੋਣ ਕਾਰਨ ਅੱਗ ਲੱਗ ਗਈ, ਜਿਸ ਦੇ ਚੱਲਦਿਆਂ ਪੰਜ ਵਿਅਕਤੀ ਗੰਭੀਰ ਜ਼ਖਮੀਂ ਹੋ ਗਏ। ਜ਼ਖਮੀਆਂ ਨੂੰ ਇਲਾਜ ਲਈ ਫਿਰੋਜ਼ਪੁਰ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਸਿਵਲ ਹਸਪਤਾਲ ਵਿੱਚ ਮੌਜੂਦ ਡਾਕਟਰਾਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ 'ਚ ਸਿਲੰਡਰ ਫੱਟਣ ਕਾਰਨ ਵੱਡਾ ਧਮਾਕਾ ਹੋ ਗਿਆ ਅਤੇ ਅੱਗ ਲੱਗਣ ਕਾਰਨ 5 ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀਂ ਹੋ ਗਏ ਹਨ, ਜਿਨ੍ਹਾਂ ਦਾ ਸਿਵਲ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਜ਼ਖਮੀਂ ਵਿਅਕਤੀ ਨੇ ਦੱਸਿਆ ਕਿ ਉਹ ਗੁਰਦੁਆਰਾ ਸਾਹਿਬ ਵਿੱਚ ਸੇਵਾ ਕਰਨ ਗਏ ਸਨ, ਇਸ ਦੌਰਾਨ ਅਚਾਨਕ ਅੱਗ ਲੱਗ ਗਈ, ਜਿਸ ਵਿੱਚ ਉਹ ਤੇ ਹੋਰ ਸੇਵਾਦਾਰ ਝੁਲਸ ਗਏ। ਫਿਲਹਾਲ ਜ਼ਖਮੀਆਂ ਦਾ ਇਲਾਜ ਚੱਲ ਰਿਹਾ ਹੈ ਤੇ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਵੱਲੋਂ ਮਹੀਨਾਵਾਰੀ ਸਨਮਾਨ ਸਮਾਰੋਹ

3-Aug-PAGE-8.qxd 8/2/2024 8:32 PM Page 1

ਮਿਡ-ਡੇ-ਮੀਲ ਵਰਕਰਾਂ ਵਲੋਂ ਜ਼ਿਲ੍ਹਾ ਪੱਧਰੀ ਰੈਲੀ ਭਲਕੇ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ) ਸਕੂਲਾਂ ਅੰਦਰ ਵਿਦਿਆਰਥੀਆਂ ਲਈ ਖਾਣਾ ਬਣਾਉਣਵਾਲੀਆਂ ਕੁੱਕ ਬੀਬੀਆਂ ਦੀ ਜੱਥੇਬੰਦੀ ਮਿਡ ਡੇ ਮੀਲ ਵਰਕਰਜ਼ ਯੂਨੀਅਨ ਪੰਜਾਬ ਵਲੋਂ ਆਪਣੀਆਂ ਮੰਗਾਂ ਸਬੰਧੀ ਕੀਤੇ ਜਾ ਰਹੇ ਸੰਘਰਸ਼ ਨੂੰ ਹੋਰ ਵੀ ਤੇਜ਼ ਕਰਦਿਆਂ ਪਹਲੇ ਪੜਾਅ ਵਜੋਂ ਜ਼ਿਲ੍ਹਾ ਪੱਰੀ ਰੈਲੀਆਂ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਸੰਘਰਸ਼ ਦੀ ਤਿਆਰੀ ਲਈ ਮਿਡ ਡੇ ਮੀਲ ਵਰਕਰਜ਼ ਯੂਨੀਅਨ ਜ਼ਿਲ੍ਹਾ ਹੁਸ਼ਿਆਰਪੁਰ ਦੀ ਮੀਟਿੰਗ ਜੱਥੇਬੰਦੀ ਦੀ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਕੌਰ ਦੀ ਪ੍ਰਧਾਨਗੀ ਹੇਠ ਮੁਲਾਜ਼ਮ ਭਵਨ ਹੁਸ਼ਿਆਰਪੁਰ ਵਿਖੇ ਹੋਈ ਜਿਸ ਵਿੱਚ ਜ਼ਿਲ੍ਹਾ ਕਮੇਟੀ ਮੈਂਬਰਾਂ ਤੋਂ ਇਲਾਵਾ ਬਲਾਕਾਂ ਦੀਆਂ ਆਗੂਆਂ ਵਲੋਂ ਵੀ ਸ਼ਮੂਲੀਅਤ ਕੀਤੀ ਗਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੀ ਜੱਥੇਬੰਦੀ ਦੀ ਸੂਬਾ ਮੀਤ ਪ੍ਰਧਾਨ ਮਮਤਾ ਮੋਮੀ ਕਪੂਰਥਲਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਅਤੇ ਵਿੱਦਿਆ ਮੰਤਰੀ ਵਲੋਂ ਮਿਡ ਡੇ ਮੀਲ ਵਰਕਰਾਂ ਦੀਆਂ ਮੰਗਾਂ ਨੂੰ ਮੁੱਢ ਤੋਂ ਹੀ ਅੱਖੋਂ ਪਰੋਖੇ ਕੀਤਾ ਹੋਇਆ ਹੈ ਅਤੇ ਅਧਿਕਾਰੀਆਂ ਵਲੋਂ ਮੀਟਿੰਗਾਂ ਵਿੱਚ ਮੰਨੀਆਂ ਮੰਗਾਂ ਨੂੰ ਵੀ ਲਾਗੂ ਨਹੀਂ ਕੀਤਾ ਜਾ ਰਿਹਾ, ਜਿਸ ਕਾਰਣ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾ ਰਿਹਾ ਹੈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜੱਥੇਬੰਦੀ ਦੀ ਸੂਬਾ ਜਨਰਲ ਸਕੱਤਰ ਕਮਲਜੀਤ ਕੌਰ ਨੇ ਕਿਹਾ ਕਿ ਜਿਵੇਂ ਮਿਡ ਡੇ ਮੀਲ ਵਰਕਰਾਂ ਵਲੋਂ ਸਕੀਮ ਸ਼ੁਰੂ ਹੋਣ ਤੋਂ ਹੁਣ ਤੱਕ ਸੰਘਰਸ਼ਾਂ ਸਦਕਾ ਆਪਣੀਆਂ ਮੰਗਾਂ ਮਨਵਾਈਆਂ ਹਨ ਉਸੇ ਤਰ੍ਹਾਂ ਹੀ ਭਵਿੱਖ ਵਿੱਚ ਵੀ ਸੰਘਰਸ਼ਾਂ ਤੇ ਟੇਕ ਰੱਖਦਿਆਂ ਮੰਗਾਂ ਦੀ ਪ੍ਰਾਪਤੀ ਲਈ ਸਰਕਾਰ ਨੂੰ ਮਜਬੂਰ ਕੀਤਾ ਜਾਵੇਗਾ। ਮੀਟਿੰਗ ਵਿੱਚ ਵੱਖ-ਵੱਖ ਆਗੂਆਂ ਵਲੋਂ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਦਾ ਡਟਵਾਂ ਵਿਰੋਧ ਕੀਤਾ ਗਿਆ ਅਤੇ ਕਈ ਸਕੂਲਾਂ ਅੰਦਰ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਵੀ ਹੱਲ ਕਰਨ ਲਈ ਵਿਚਾਰ ਪੇਸ਼ ਕੀਤੇ। ਸੰਘਰਸ਼ ਸਬੰਧੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਮਿਤੀ 4 ਅਗਸਤ ਦਿਨ ਐਤਵਾਰ ਨੂੰ ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਵਿਖੇ ਜ਼ਿਲ੍ਹਾ ਪੱਧਰੀ ਰੈਲੀ ਕੀਤੀ ਜਾਵੇਗੀ ਅਤੇ ਕੈਬਨਿਟ ਮੰਤਰੀ ਜਿੰਪਾ ਦੀ ਰਿਹਾਇਸ਼ ਵੱਲ ਮਾਰਚ ਕੀਤਾ ਜਾਵੇਗਾ। ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਪ.ਸ.ਸ.ਫ. ਦੇ ਸਾਬਕਾ ਤਹਿਸੀਲ ਪ੍ਰਧਾਨ ਮਨਜੀਤ ਸਿੰਘ ਬਾਜਵਾ ਨੇ ਕਿਹਾ ਕਿ ਮਿਡ ਡੇ ਮੀਲ ਵਰਕਰਾਂ ਵਲੋਂ ਕੀਤੀ ਜਾ ਰਹੀ ਇਸ ਰੈਲੀ ਵਿੱਚ ਪ.ਸ.ਸ.ਫ. ਅਤੇ ਜੀ.ਟੀ.ਯੂ. ਆਗੂਆਂ ਵਲੋਂ ਵੀ ਸ਼ਮੂਲੀਅਤ ਕੀਤੀ ਜਾਵੇਗੀ ਅਤੇ ਸਰਕਾਰ ਦੀਆਂ ਨੀਤੀਆਂ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ। ਮੀਟਿੰਗ ਵਿੱਚ ਬਲਜਿੰਦਰ ਕੌਰ ਮਾਹਿਲਪੁਰ, ਅਮਰਜੀਤ ਕੌਰ ਚੱਬੇਵਾਲ, ਸੀਮਾ ਰਾਣੀ ਹੁਸ਼ਿਆਰਪੁਰ, ਰਣਜੀਤ ਕੌਰ ਤਲਵਾੜਾ, ਜਤਿੰਦਰ ਕੌਰ ਬੁਲ੍ਹੋਵਾਲ, ਮਨਜੀਤ ਕੌਰ ਗੜ੍ਹਸ਼ੰਕਰ, ਇੰਦਰਜੀਤ ਕੌਰ ਭੂੰਗਾ, ਸੁਰਿੰਦਰ ਕੌਰ ਮਾਹਿਲਪੁਰ ਆਦਿ ਆਗੂ ਵੀ ਹਾਜਰ ਸਨ।

ਭਾਮ ਵਿਖੇ ਮਾਂ ਭਾਮੇਸ਼ਵਰੀ ਦੇ ਪ੍ਰਗਟ ਦਿਵਸ ਮੌਕੇ ਝੰਡਾ ਫੇਰੀ ਕੱਢੀ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਭਾਮ ਦੇ ਪ੍ਰਚੀਨ ਦੁਰਗਾ ਮੰਦਰ ਤੋਂ ਮਾਂ ਭਾਮੇਸਵਰੀ ਦੇ ਪ੍ਰਗਟ ਦਿਵਸ ਮੌਕੇ ਮੰਦਰ ਦੇ ਚੇਅਰਪਰਸਨ ਭੈਣ ਵਿਨੋਦ ਕੁਮਾਰੀ ਦੀ ਅਗਵਾਈ ਹੇਠ ਸੰਗਤਾਂ ਵੱਲੋਂ ਝੰਡਾ ਫੇਰੀ ਕੱਢੀ ਗਈ। ਸੇਵਾਦਾਰ ਗੁਰਨਾਮ ਸਿੰਘ ਜਸਵਾਲ ਨੇ ਦੱਸਿਆ ਕਿ ਇਹ ਝੰਡਾ ਫੇਰੀ ਵੱਖ ਵੱਖ ਮੁਹੱਲਿਆਂ ਅਤੇ ਬਜ਼ਾਰਾਂ ਤੋਂ ਹੁੰਦੀ ਹੋਈ ਸ਼ਾਮ ਨੂੰ ਸਮਾਪਤੀ ਹੋਈ। ਵੱਖ ਵੱਖ ਪੜਾਵਾਂ 'ਤੇ ਸੰਗਤਾਂ ਵੱਲੋਂ ਵੱਖ ਵੱਖ ਪ੍ਰਕਾਰ ਦੇ ਲੰਗਰ ਲਗਾਏ ਗਏ।ਇਸ ਮੌਕੇ ਸ਼ਾਂਤੀ ਦੇਵੀ, ਕੁਲਦੀਪ ਕੌਰ, ਤ੍ਰਿਪਾ ਦੇਵੀ, ਪਿੰਦਰ ਜਸਵਾਲ, ਚੰਦਰ ਪ੍ਰਕਾਸ਼ ਦਿੱਲੀ, ਹਰਪਾਲ ਸਿੰਘ ਕੁੰਦੀ, ਹਰਮੇਸ਼ ਚੰਦਰ, ਪੰਮੀ ਦੇਹਰਾਦੂਨ, ਪੰਡਤ ਮੁਕੇਸ਼, ਅਮਰਜੀਤ ਜਸਵਾਲ, ਟਿੱਕੂ ਜਸਵਾਲ, ਭੂਸ਼ਨ ਦੇਹਰਾਦੂਨ, ਹੈਪੀ ਪਧਿਆਣਾ, ਮੰਗਤ ਲਾਲ ਵਰਮਾ ਲੁਧਿਆਣਾ, ਕੁਲਦੀਪ ਕੁਮਾਰ ਵਰਮਾ ਲੁਧਿਆਣਾ, ਰੋਸ਼ਨ ਭਾਮ, ਗੁਰਜੀਤ ਜਸਵਾਲ, ਸੰਨੀ ਜਸਵਾਲ, ਵਿਸ਼ਾਲ ਸ਼ਰਮਾ, ਤਰਸੇਮ ਕਨੇਡਾ, ਨਰਿੰਦਰ ਹਾਰਟਾ, ਦੀਪਾ ਜਸਵਾਲ, ਡਾਕਟਰ ਟੋਨੀ ਭਾਮ, ਸੁਦਰਸ਼ਨ ਧੀਰ, ਨੀਟਾ ਜਸਵਾਲ, ਰਾਜੇਸ਼ ਜਸਵਾਲ, ਡਾਕਟਰ ਬਲਜੀਤ ਸਿੰਘ, ਰਿਕਾ ਭਾਮ, ਡਾਕਟਰ ਇੰਦਰਜੀਤ ਸਿੰਘ ਭਾਮ, ਸਤਪਾਲ ਜੱਖੂ ਤੋਂ ਇਲਾਵਾ ਇਲਾਕੇ ਭਰ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

'ਕਲਫਟ ਤੇ ਕ੍ਰੈਨੀਓਫੇਸ਼ੀਅਲ ਜਾਗਰੂਕਤਾ ਤੇ ਰੋਕਥਾਮ ਮਹੀਨੇ' ਸੰਬੰਧੀ ਜਾਗਰੂਕਤਾ ਲੈਕਚਰ

ਭੁਲੱਥ, (ਮਨਪ੍ਰੀਤ ਸਿੰਘ)-ਸਿਵਲ ਸਰਜਨ ਕਪੂਰਥਲਾ ਡਾਕਟਰ ਸੁਰਿੰਦਰ ਪਾਲ ਕੌਰ, ਡੀ.ਡੀ.ਐਚ.ਓ ਡਾਕਟਰ ਕਪਿਲ ਡੋਗਰਾ ਅਤੇ ਸੀਨੀਅਰ ਮੈਡੀਕਲ ਅਫ਼ਸਰ ਭੁਲੱਥ ਡਾਕਟਰ ਹਰਜਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਭੁਲੱਥ ਵਿਖੇ 'ਕਲਫਟ ਅਤੇ ਕ੍ਰੈਨੀਓਫੇਸ਼ੀਅਲ ਜਾਗਰੂਕਤਾ ਅਤੇ ਰੋਕਥਾਮ ਮਹੀਨੇ' ਸਬੰਧੀ ਜਾਗਰੂਕਤਾ ਲੈਕਚਰ ਕਰਵਾਇਆ ਗਿਆ। ਇਸ ਮੌਕੇ ਏ.ਐਨ.ਐਮ, ਆਸ਼ਾ ਵਰਕਰਾਂ, ਆਰ.ਬੀ.ਐਸ.ਕੇ ਟੀਮ ਅਤੇ ਪੈਰਾ-ਮੈਡੀਕਲ ਸਟਾਫ ਨੂੰ ਕਲੇਫਟ ਹੋਠ, ਤਾਲੂ ਅਤੇ ਹੋਰ ਕ੍ਰੈਨੀਓਫੇਸ਼ੀਅਲ ਵਿਕਾਰ, ਇਸਦੇ ਕਾਰਨਾਂ, ਰੋਕਥਾਮ, ਇਲਾਜ ਅਤੇ ਸਰਜਰੀਆਂ ਦੇ ਵੱਖ-ਵੱਖ ਤਰੀਕਿਆਂ ਬਾਰੇ ਜਾਗਰੂਕ ਕੀਤਾ ਗਿਆ।ਸਿਹਤ ਕਰਮਚਾਰੀਆ ਵਲੋਂ ਅਜਿਹੀਆਂ ਵਿਕਾਰਾਂ ਦੀ ਜਾਂਚ ਕਰਨ ਅਤੇ ਇਸਦੇ ਉਪਲਬਧ ਇਲਾਜ ਬਾਰੇ ਜਾਗਰੂਕਤਾ 'ਤੇ ਜ਼ੋਰ ਦਿੱਤਾ ਗਿਆ। ਆਈ.ਈ.ਸੀ ਸਮੱਗਰੀ ਵੀ ਬਿਹਤਰ ਸਮਝ ਲਈ ਵਰਤੀ ਜਾਂਦੀ ਹੈ।

ਪਿੱਤੇ ਦੀ ਪੱਥਰੀ ਦੇ ਮਰੀਜ਼ਾਂ ਲਈ ਮੁਫ਼ਤ ਮੈਡੀਕਲ ਚੈਕਅੱਪ ਕੈਂਪ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਸੰਧੂ ਹਸਪਤਾਲ (ਨੇੜੇ ਬਰਨਾਲਾ ਗੇਟ) ਚੰਡੀਗੜ੍ਹ ਰੋਡ, ਨਵਾਂਸ਼ਹਿਰ ਵਿਖੇ ਇੱਕ ਹਫ਼ਤੇ ਲਈ ਮੁਫ਼ਤ ਮੈਡੀਕਲ ਚੈਕਅੱਪ ਕੈਂਪ ਲਗਾਇਆ ਜਾ ਰਿਹਾ ਹੈ। ਕੈਂਪ ਦੌਰਾਨ ਡਾਕਟਰ ਸੰਦੀਪ ਅਗਰਵਾਲ (ਐੱਮ.ਐੱਸ. ਜਨਰਲ ਸਰਜਰੀ) ਵੱਲੋਂ ਮੁਫ਼ਤ ਚੈੱਕਅਪ ਕੀਤਾ ਜਾਵੇਗਾ। ਡਾ: ਸੰਦੀਪ ਅਗਰਵਾਲ ਇਸ ਤੋਂ ਪਹਿਲਾਂ ਆਈ.ਵੀ.ਵਾਈ ਹਸਪਤਾਲ ਨਵਾਂਸ਼ਹਿਰ ਵਿਖੇ ਜਨਰਲ ਅਤੇ ਲੈਪਰੋਸਕੋਪਿਕ ਸਰਜਨ ਵਜੋਂ ਕੰਮ ਕਰ ਚੁੱਕੇ ਹਨ। ਉਹ ਹੁਣ ਸੰਧੂ ਹਸਪਤਾਲ, ਚੰਡੀਗੜ੍ਹ ਰੋਡ, ਨਵਾਂਸ਼ਹਿਰ ਵਿੱਚ ਜਨਰਲ ਅਤੇ ਲੈਪਰੋਸਕੋਪਿਕ ਸਰਜਰੀ ਵਿਭਾਗ ਦੇ ਮੁਖੀ ਹਨ। ਸੰਧੂ ਹਸਪਤਾਲ ਦੇ ਪ੍ਰਬੰਧਕਾਂ ਡਾ: ਜੇ.ਐਸ.ਸੰਧੂ ਅਤੇ ਡਾ: ਗੁਰਜੀਤ ਕੌਰ ਸੰਧੂ ਨੇ ਦੱਸਿਆ ਕਿ ਕੈਂਪ ਦੌਰਾਨ ਮਰੀਜ਼ਾਂ ਦੇ ਖੂਨ ਦੇ ਸਾਰੇ ਲੋੜੀਂਦੇ ਟੈਸਟਾਂ 'ਤੇ 20 ਫੀਸਦੀ ਰਿਆਇਤ ਦਿੱਤੀ ਜਾਵੇਗੀ ਅਤੇ ਓਪਰੇਸ਼ਨ ਵੀ 20 ਫੀਸਦੀ ਰਿਆਇਤ 'ਤੇ ਕੀਤੇ ਜਾਣਗੇ। ਕੈਂਪ ਅਤੇ ਵਿਸ਼ੇਸ਼ ਰਿਆਇਤੀ ਦਰਾਂ 'ਤੇ ਸੇਵਾਵਾਂ ਸਿਰਫ 7 ਅਗਸਤ 2024 ਤੱਕ ਜਾਰੀ ਰਹਿਣਗੀਆਂ।

ਓਵਰਲੋਡ ਤੇ ਓਵਰ ਸਪੀਡ ਵਾਹਨਾਂ 'ਤੇ ਸਖਤ ਕਾਰਵਾਈ ਕੀਤੀ ਜਾਵੇ: ਸੰਜੀਵ ਅਰੋੜਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਭਾਰਤ ਵਿਕਾਸ ਪਰਿਸ਼ਦ ਦ੍ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵਕ ਸੰਜੀਵ ਅਰੋੜਾ ਨੇ ਇੱਥੇ ਜਾਰੀ ਇਕ ਪ੍ਰੈਸ ਨੋਟ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਓਵਰਲੋਡ ਅਤੇ ਓਵਰ ਸਪੀਡ ਵਾਹਨਾਂ ਤੇ ਸਖਤ ਕਾਰਵਾਈ ਕਰਕੇ ਸੜਕ ਸੁਰੱਖਿਆ ਨਿਯਮਾਂ ਨੂੰ ਪੁਖਤਾ ਕੀਤਾ ਜਾਵੇ। ਉਨਾਂ ਨੇ ਕਿਹਾ ਕਿ ਇਕ ਪਾਸੇ ਓਵਰਲੋਡ ਵਾਹਨ ਤੇ ਦੂਜੇ ਪਾਸੇ ਤੇਜ਼ ਰਫਤਾਰ ਦੋੜਦੀਆਂ ਰੇਤ ਅਤੇ ਗੋਬਰ ਨਾਲ ਭਰੀਆਂ ਟ੍ਰੈਕਟਰ-ਟ੍ਰਾਲੀਆਂ ਦੇ ਕਾਰਨ ਸੜਕ 'ਤੇ ਚਲਣਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਦੁਰਘਟਨਾਵਾਂ ਦਾ ਖਤਰਾ ਬਣਿਆ ਰਹਿੰਦਾ ਹੈ। ਐਨਾ ਹੀ ਨਹੀ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਦੇ ਕਾਰਨ ਕਈ ਲੋਕ ਦੁਰਘਟਾਨਾਵਾਂ ਦਾ ਸ਼ਿਕਾਰ ਹੋ ਰਹੇ ਹਨ। ਗੋਬਰ ਨਾਲ ਭਰੀਆਂ ਟ੍ਰੈਕਟਰ-ਟ੍ਰਾਲੀਆਂ ਦੇ ਕਾਰਨ ਸੜਕ ਉਪਰ ਗੰਦਗੀ ਵੀ ਫੈਲਦੀ ਹੈ ਅਤੇ ਇਸ ਦੇ ਲਈ ਜਿੰਮੇਦਾਰਾਂ ਨੂੰ ਜੁਰਮਾਨਾ ਵੀ ਲਗਾਇਆ ਜਾਣਾ ਚਾਹੀਦਾ ਹੈ ਤਾਂਕਿ ਵਾਤਾਵਰਣ ਨੂੰ ਗੰਦਾ ਹੋਣ ਤੋਂ ਬਚਾਇਆ ਜਾ ਸਕੇ। ਅਰੋੜਾ ਨੇ ਕਿਹਾ ਕਿ ਸਵੇਰ ਦੇ ਸਮੇਂ ਨਲੋਈਆਂ ਚੌਂਕ ਤੇ ਬਾਗਪੁਰ ਤੱਕ ਲਕੜੀ ਨਾਲ ਭਰੀਆਂ ਓਵਰਲੋਡ ਟ੍ਰਾਲੀਆਂ ਦੇ ਕਾਰਨ ਰਾਹਗੀਰਾਂ ਦੀ ਜਾਨ ਜੋਖਿਮ ਵਿੱਚ ਰਹਿੰਦੀ ਹੈ ਅਤੇ ਇਸ ਦੌਰਾਨ ਇਥੇ ਨਾ ਤਾਂ ਟ੍ਰੈਫਿਕ ਪੁਲਿਸ ਹੁੰਦੀ ਹੈ ਅਤੇ ਨਾ ਹੀ ਆਰ.ਟੀ.ਏ. ਵਿਭਾਗ ਦਾ ਕੋਈ ਕਰਮਚਾਰੀ ਚੈਕਿੰਗ ਦੇ ਲਈ ਮੌਜੂਦ ਰਹਿੰਦਾ ਹੈ। ਸਰੇਆਮ ਨਿਯਮਾਂ ਦੀਆਂ ਧੱਜੀਆਂ ਉਡ ਰਹੀਆਂ ਹਨ ਅਤੇ ਇਨ੍ਹਾਂ ਨੂੰ ਰੋਕਣ ਦੇ ਲਈ ਪ੍ਰਸ਼ਾਸਨ ਨੂੰ ਸਖਤ ਕਦਮ ਚੁੱਕਣ ਦੀ ਜ਼ਰੂਰਤ ਹੈ। ਹਾਦਸਿਆਂ ਦੇ ਡਰ ਦੇ ਚੱਲਦਿਆਂ ਕਈ ਲੋਕਾਂ ਨੇ ਤਾਂ ਸੈਰ 'ਤੇ ਜਾਣਾ ਤੱਕ ਛੱਡ ਦਿਤੱਾ ਹੈ। ਅਰੋੜਾ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸ਼ਹਿਰ ਅਤੇ ਬਾਹਰੀ ਇਲਾਕਿਆਂ ਵਿਚ ਟ੍ਰੈਫਿਕ ਨਿਯਮਾਂ ਨੂੰ ਪੁਖਤਾ ਕਰਨ ਦੇ ਲਈ ਸਖਤ ਕਦਮ ਚੁੱਕੇ ਜਾਣ।

ਨੰਬਰਦਾਰ ਯੂਨੀਅਨ ਦੀ ਮੀਟਿੰਗ ਅੱਜ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਆਜ਼ਾਦੀ ਦਿਹਾੜਾ 15 ਅਗਸਤ ਮਨਾਉਣ ਲਈ ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ 3 ਅਗਸਤ ਸ਼ਨੀਵਾਰ ਨੂੰ ਸਵੇਰੇ 10:30 ਵਜੇ ਕੀਤੀ ਜਾਵੇਗੀ।ਮੀਟਿੰਗ ਵਿੱਚ 15 ਅਗਸਤ ਨੂੰ ਜੋਸ਼-ਓ-ਖਰੋਸ਼ ਨਾਲ ਮਨਾਉਣ, ਨੰਬਰਦਾਰਾਂ ਦੀਆਂ ਮੰਗਾਂ, ਮਾਣ ਭੱਤਾ, ਨਿਰਮਾਣ ਅਧੀਨ ਨੂਰਮਹਿਲ ਦੇ ਸਰਕਾਰੀ ਸਕੂਲ ਤੋਂ ਇਲਾਵਾ ਰੁੱਖ ਲਗਾਉਣ ਸੰਬੰਧੀ ਅਹਿਮ ਵਿਚਾਰਾਂ ਕੀਤੀਆਂ ਜਾਣਗੀਆਂ।ਇਸ ਮੌਕੇ ਜ਼ਿਲ੍ਹਾ ਸਕੱਤਰ ਜਨਰਲ ਸੁਰਿੰਦਰ ਪਾਲ ਸਿੰਘ ਬੁਰਜ ਕੇਲਾ, ਕੈਸ਼ੀਅਰ ਰਾਮ ਦਾਸ ਬਾਲੂ, ਪੀ.ਆਰ.ਓ ਜਗਨ ਨਾਥ, ਪ੍ਰੈਸ ਸਕੱਤਰ ਤਰਸੇਮ ਲਾਲ ਉੱਪਲ ਖਾਲਸਾ ਹਾਜਰ ਸਨ।

ਨਗਰ ਕੌਂਸਲ ਵੱਲੋਂ ਬੂਟੇ ਲਗਾਉਣ ਦੀ ਮੁਹਿੰਮ ਜਾਰੀ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਗੁਰੂ ਨਗਰੀ ਨੂੰ ਹਰਿਆ ਭਰਿਆ ਬਣਾਉਣ ਲਈ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਹੇਠ ਹਰਿਆਵਲ ਮੁਹਿੰਮ ਲਗਾਤਾਰ ਜਾਰੀ ਹੈ। ਇਸੇ ਤਹਿਤ ਵਾਰਡ ਨੰ:-8 ਦੇ ਕੌਂਸਲਰ ਐਡਵੋਕੇਟ ਪਰਮਵੀਰ ਸਿੰਘ ਰਾਣਾ ਵੱਲੋਂ ਜਿੱਥੇ ਆਪਣੇ ਵਾਰਡ ਵਿੱਚ ਬੂਟੇ ਲਗਾਏ ਗਏ ਉੱਥੇ ਆਪ ਲੋਕਾਂ ਦੇ ਘਰ ਜਾ ਕੇ ਬੂਟੇ ਵੰਡੇ ਵੀ ਗਏ। ਇਸ ਤੋਂ ਇਲਾਵਾ ਬੂਟਿਆਂ ਦੀ ਸਾਂਭ ਸੰਭਾਲ ਪ੍ਰਤੀ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਟੌਰ ਵਿਖੇ ਮੁੱਖ ਅਧਿਆਪਕਾ ਮੈਡਮ ਅੰਮ੍ਰਿਤਪਾਲ ਕੌਰ, ਮੈਡਮ ਗੁਰਜੀਤ ਕੌਰ, ਮੈਡਮ ਲਵਲੀ ਰਾਣੀ, ਮੈਡਮ ਸੁਨੀਤਾ ਰਾਣੀ, ਮੈਡਮ ਜੋਤੀ,ਮੈਡਮ ਗੁਰਦੀਪ ਕੌਰ ਅਤੇ ਮਾਸਟਰ ਜਗਪਾਲ ਸਿੰਘ ਨੇ ਵੀ ਫਲਦਾਰ ਅਤੇ ਛਾਂਦਾਰ ਬੂਟੇ ਲਗਾਏ। ਵਿਦਿਆਰਥੀਆਂ ਨੂੰ ਵਾਤਾਵਰਨ ਦੀ ਸੰਭਾਲ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ 'ਤੇ ਸ਼ਾਮ ਲਾਲ ਕਰੂਰਾ,ਅਨਿਲ ਰਾਣਾ ਸੰਜੂ, ਓਮ ਪ੍ਰਕਾਸ਼ ਬਾਲੀ,ਰਾਜ ਘਈ ਹਾਜ਼ਰ ਸਨ।

ਪੇਂਡੂ ਮਜ਼ਦੂਰ ਯੂਨੀਅਨ ਇਲਾਕਾ ਕਮੇਟੀ ਦੀ ਮੀਟਿੰਗ 'ਚ ਅਹਿਮ ਵਿਚਾਰਾਂ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-ਪੇਂਡੂ ਮਜਦੂਰ ਯੂਨੀਅਨ ਇਲਾਕਾ ਕਮੇਟੀ ਦੀ ਮੀਟਿੰਗ ਕਸਬਾ ਬੰਡਾਲਾ ਵਿਖੇ ਪੇਡੂ ਮਜਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਹੰਸ ਰਾਜ ਪੱਬਵਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿਚ ਕਿਹਾ ਗਿਆ ਕਿ ਮਜਦੂਰਾਂ ਨੂੰ ਪੰਜ ਪੰਜ ਮਰਲੇ ਦੇ ਪਲਾਟ ਦਿੱਤੇ ਜਾਣ, ਮਕਾਨ ਉਸਾਰੀ ਲਈ ਗਰਾਂਟ ਦਿੱਤੀ ਜਾਵੇ, ਮਜਦੂਰਾਂ ਨੂੰ ਤੀਸਰੇ ਹਿੱਸੇ ਦੀ ਪੰਚਾਇਤੀ ਜਮੀਨ ਸਸਤੇ ਰੇਟ 'ਤੇ ਦਿੱਤੀ ਜਾਵੇ, ਲਾਲ ਲਕੀਰ ਵਾਲੇ ਘਰਾਂ ਦੀਆਂ ਫਰੀ ਰਜਿਸਟਰੀਆਂ ਬਣਾ ਕੇ ਦਿੱਤੀਆ ਜਾਣ, ਮਜਦੂਰਾਂ ਦੇ ਸੋਸਾਇਟੀਆਂ ਦੇ ਕਰਜੇ ਮੁਆਫ ਕੀਤੇ ਜਾਣ, ਕਰਜੇ ਉਗਰਾਹੁਣ ਸਬੰਧੀ ਦਿੱਤੀਆਂ ਜਾ ਰਹੀਆਂ ਧਮਕੀਆਂ ਬੰਦ ਕੀਤੀਆ ਜਾਣ, ਮਨਰੇਗਾ ਮਜਦੂਰਾ ਨੂੰ ਲਗਾਤਾਰ ਕੰਮ ਦਿੱਤਾ ਜਾਵੇ ਅਤੇ ਦਿਹਾੜੀ 1000 ਰੁਪਏ ਕੀਤੀ ਜਾਵੇ, ਲੈਂਡ ਸੀਲਿੰਗ ਐਕਟ ਲਾਗੂ ਕੀਤਾ ਜਾਵੇ ਆਦਿ ਲਟਕਦ

3-Aug-PAGE-9.qxd 8/2/2024 8:31 PM Page 1

ਕੈਬਨਿਟ ਮੰਤਰੀ ਨੇ 'ਆਪ ਦੀ ਸਰਕਾਰ, ਆਪ ਦੇ ਦੁਆਰ' ਤਹਿਤ ਲਾਏ ਵਿਸ਼ੇਸ਼ ਕੈਂਪ ਦਾ ਲਿਆ ਜਾਇਜ਼ਾ

ਕਰਤਾਰਪੁਰ (ਹਰਮੇਸ਼ ਦੱਤ)- ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ 'ਆਪ ਦੀ ਸਰਕਾਰ, ਆਪ ਦੇ ਦੁਆਰ' ਉਪਰਾਲੇ ਤਹਿਤ ਇਥੇ ਲਗਾਏ ਗਏ ਵਿਸ਼ੇਸ਼ ਕੈਂਪ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਕੈਂਪਾਂ ਵਿੱਚ ਪ੍ਰਾਪਤ ਦਰਖਾਸਤਾਂ ਦਾ ਤਰਜੀਹ ਦੇ ਆਧਾਰ 'ਤੇ ਨਿਪਟਾਰਾ ਕਰਦਿਆਂ ਯੋਗ ਬਿਨੈਕਾਰਾਂ ਨੂੰ ਸਰਕਾਰੀ ਸੇਵਾਵਾਂ ਦਾ ਜਲਦ ਤੋਂ ਜਲਦ ਲਾਭ ਮੁਹੱਈਆ ਕਰਵਾਉਣ ਦੀਆਂ ਹਦਾਇਤਾਂ ਦਿੱਤੀਆਂ । ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਇਸ ਉਪਰਾਲੇ ਦਾ ਮੰਤਵ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨਜ਼ਦੀਕ ਸਰਕਾਰੀ ਸੇਵਾਵਾਂ ਦਾ ਲਾਭ ਪ੍ਰਦਾਨ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਵੱਖ-ਵੱਖ ਸਰਕਾਰੀ ਵਿਭਾਗਾਂ/ਦਫ਼ਤਰਾਂ ਨਾਲ ਸਬੰਧਤ ਮਸਲਿਆਂ ਦੇ ਢੁੱਕਵੇਂ ਹੱਲ ਨੂੰ ਯਕੀਨੀ ਬਣਾਉਣਾ ਹੈ।।ਉਨ੍ਹਾਂ ਕਿਹਾ ਕਿ ਇਨ੍ਹਾਂ ਕੈਂਪਾਂ ਰਾਹੀਂ ਪੰਜਾਬ ਸਰਕਾਰ ਵੱਲੋਂ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਲਈ ਲੋਕਾਂ ਦੀਆਂ ਬਰੂਹਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਲੋਕਾਂ ਦੇ ਮਸਲੇ ਹੱਲ ਕਰਨ ਲਈ ਉਨ੍ਹਾਂ ਦੇ ਘਰਾਂ ਨੇੜੇ ਪੁੱਜ ਰਹੇ ਹਨ । ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਇਹ ਪਹਿਲਕਦਮੀ ਲੋਕਾਂ ਲਈ ਬਹੁਤ ਲਾਹੇਵੰਦ ਸਾਬਿਤ ਹੋ ਰਹੀ ਹੈ, ਜਿਸ ਸਦਕਾ ਉਨ੍ਹਾਂ ਦੇ ਪੈਸੇ ਅਤੇ ਸਮੇਂ ਦੋਵਾਂ ਦੀ ਬੱਚਤ ਹੋ ਰਹੀ ਹੈ ਕਿਉਂ ਜੋ ਹੁਣ ਉਨ੍ਹਾਂ ਨੂੰ ਆਪਣੇ ਪ੍ਰਸ਼ਾਸਨਿਕ ਕੰਮਾਂ ਲਈ ਸਰਕਾਰੀ ਦਫ਼ਤਰਾਂ ਵਿੱਚ ਜਾਣ ਦੀ ਬਹੁਤੀ ਲੋੜ ਨਹੀਂ ਰਹੀ । ਸਥਾਨਕ ਸਰਕਾਰਾਂ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਕੈਂਪਾਂ ਵਿੱਚ ਆਉਣ ਵਾਲੇ ਲੋਕਾਂ ਨੂੰ ਸੇਵਾਵਾਂ ਪ੍ਰਾਪਤ ਕਰਨ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਹੀਂ ਆਉਣੀ ਚਾਹੀਦੀ। ਇਸ ਦੌਰਾਨ ਉਨ੍ਹਾਂ ਕੈਂਪ ਵਿੱਚ ਪੁੱਜੇ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਅਤੇ ਅਧਿਕਾਰੀਆਂ ਨੂੰ ਢੁੱਕਵਾਂ ਹੱਲ ਕਰਨ ਦੇ ਮੌਕੇ 'ਤੇ ਨਿਰਦੇਸ਼ ਦਿੱਤੇ। ਉਨ੍ਹਾਂ ਸੇਵਾਵਾਂ ਪ੍ਰਾਪਤ ਕਰਨ ਵਾਲੇ ਲੋਕਾਂ ਨੂੰ ਪ੍ਰਵਾਨਗੀ / ਮਨਜ਼ੂਰੀ ਪੱਤਰ ਵੀ ਪ੍ਰਦਾਨ ਕੀਤੇ । ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਕੰਮ ਕਰਦੀ ਹੋਈ ਸੂਬੇ ਦੇ ਲੋਕਾਂ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਇਹ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਹੈ, ਜਿਸ ਨੇ 600 ਯੂਨਿਟ ਬਿਜਲੀ ਮੁਆਫੀ, ਆਮ ਆਦਮੀ ਕਲੀਨਿਕ, ਸਕੂਲ ਆਫ਼ ਐਮੀਨੈਂਸ, ਸਰਕਾਰੀ ਨੌਕਰੀਆਂ, 1076 ਹੈਲਪਲਾਈਨ ਵਰਗੇ ਕੋਈ ਲੋਕ-ਪੱਖੀ ਫੈਸਲੇ ਲਏ ਹਨ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਮਿਤ ਮਹਾਜਨ , ਕੈਬਨਿਟ ਮੰਤਰੀ ਦੇ ਸੁਪਤਨੀ ਹਰਪ੍ਰੀਤ ਕੌਰ ਤੇ ਵੱਖ - ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ ।

ਸੱਤਾ ਦਾ ਅਨੰਦ ਮਾਣਨ ਵਾਲੇ ਹੁਣ ਪਾਰਟੀ 'ਤੇ ਉਂਗਲਾਂ ਚੁੱਕਣ ਦੀ ਭੁੱਲ ਨਾ ਕਰਨ : ਭੁੱਲਰ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਗੁਰਪ੍ਰਤਾਪ ਸਿੰਘ ਵਡਾਲਾ ਵੱਲੋਂ ਪ੍ਰਦੀਪ ਕਲੇਰ ਨੂੰ ਸ਼੍ਰੀ ਕਹਿ ਕੇ ਸੰਬੋਧਨ ਕਹੇ ਜਾਣ ਦਾ ਸਖਤ ਨੋਟਿਸ ਲੈਂਦੇ ਹੋਏ ਸ਼੍ਰੋਮਣੀ ਅਕਾਲੀ ਦਲ ਕੋਰ ਕਮੇਟੀ ਮੈਂਬਰ ਰਾਜ ਕਮਲ ਸਿੰਘ ਭੁੱਲਰ ਅਤੇ ਸਾਬਕਾ ਵਿਧਾਇਕ ਬੀਬੀ ਰਾਜਵਿੰਦਰ ਕੌਰ ਭੁੱਲਰ ਨੇ ਇੱਕ ਪ੍ਰੈਸ ਵਾਰਤਾ ਦੌਰਾਨ ਕਿਹਾ ਕਿ ਇਹ ਬਹੁਤ ਹੀ ਸ਼ਰਮਨਾਕ ਹੈ। ਉਹਨਾਂ ਕਿਹਾ ਕਿ ਪਾਰਟੀ ਦੇ ਵਿੱਚ ਰਹਿ ਕੇ ਸੱਤਾ ਦਾ ਆਨੰਦ ਮਾਨਣ ਵਾਲੇ ਵਡਾਲਾ ਪਾਰਟੀ ਦੇ ਵਿੱਚੋਂ ਕੱਢੇ ਜਾਣ 'ਤੇ ਉਹ ਹੁਣ ਅਕਾਲੀ ਦਲ ਸੁਧਾਰ ਕਮੇਟੀ ਦੀ ਗੱਲ ਕਰਦੇ ਹਨ ਜਦਕਿ ਦੂਜੇ ਪਾਸੇ ਐਸੇ ਬੰਦਿਆਂ ਨੂੰ ਸ਼੍ਰੀਮਾਨ ਕਹਿ ਕੇ ਗੱਲ ਕਰਦੇ ਹਨ। ਭੁੱਲਰ ਨੇ ਵਡਾਲਾ ਨੂੰ ਸਵਾਲ ਕਰਦਿਆਂ ਕਿਹਾ ਕਿ ਉਹ ਦੱਸਣ ਕਿ ਬਰਗਾੜੀ ਕਾਂਡ ਨਾਲ ਸੰਬੰਧਿਤ ਗੁਰੂ ਦੇ ਦੋਖੀ ਐਸੇ ਲੋਕਾਂ ਨੂੰ ਇੱਜਤ ਮਾਣ ਦੇ ਕੇ ਉਹ ਕਿਹੜੇ ਸੁਧਾਰ ਦੀ ਗੱਲ ਕਰਦੇ ਹਨ ਜਿਨ੍ਹਾਂ ਦਾ ਨਾਂਅ ਲੈਣਾ ਹੀ ਪਸੰਦ ਨਹੀਂ ਕੀਤਾ ਜਾਣਾ ਚਾਹੀਦਾ, ਉਹ ਇੱਜਤ ਤੇ ਭਾਗੀ ਕਿਸ ਤਰ੍ਹਾਂ ਹੋ ਸਕਦੇ ਨੇ? ਉਹਨਾਂ ਕਿਹਾ ਕਿ ਸਿਰਫ ਇੰਨਾ ਹੀ ਨਹੀਂ ਬਣਾਈ 13 ਮੈਂਬਰੀ ਸੁਧਾਰ ਕਮੇਟੀ ਦੌਰਾਨ ਵਡਾਲਾ ਨੇ ਸਿਰਫ ਤੇ ਸਿਰਫ ਸ਼੍ਰੋਮਣੀ ਅਕਾਲੀ ਦਲ ਪਾਰਟੀ ਪ੍ਰਧਾਨ ਦਾ ਵਿਰੋਧ ਕਰਨ ਵਾਲਿਆਂ ਨੂੰ ਹੀ ਮੈਂਬਰ ਕਿਉਂ ਬਣਾਇਆ? ਉਹਨਾਂ ਕਿਹਾ ਕਿ ਸੁਖਬੀਰ ਬਾਦਲ ਤੇ ਉਗਲਾਂ ਚੱਕਣ ਵਾਲੇ ਹੁਣ ਦੱਸਣ ਕਿ ਕੀ ਉਹਨਾਂ ਨੂੰ ਪੂਰੇ ਪੰਜਾਬ ਦੇ ਵਿੱਚੋਂ ਕੋਈ ਹੋਰ ਸੂਝਵਾਨ ਪੰਜਾਬ ਹਿਤੈਸ਼ੀ ਬੁੱਧੀਜੀਵੀ ਆਗੂ ਨਹੀਂ ਮਿਲੇ? ਪਾਰਟੀ ਤੋਂ ਬਾਗੀ ਹੋਏ ਆਗੂਆਂ ਤੇ ਸ਼ਬਦੀ ਹਮਲੇ ਕਰਦੇ ਹੋਏ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੱਤਾ ਸੰਭਾਲਣ ਸਮੇਂ ਵੱਡੇ ਵੱਡੇ ਅਹੁਦਿਆਂ ਦਾ ਆਨੰਦ ਮਾਨਣ ਵਾਲੇ ਆਗੂ ਹੀ ਅੱਜ ਸੱਤਾ ਦੇ ਲਾਲਚ ਵਸ ਹੋ ਕੇ ਬਾਦਲ ਪਰਵਾਰ 'ਤੇ ਹੀ ਉਗਲਾਂ ਚੱਕ ਰਹੇ ਹਨ। ਜਦਕਿ ਪੰਜਾਬੀਆਂ ਦੀ ਆਪਣੀ ਇੱਕੋ ਇੱਕ ਹਮਦਰਦ ਅਤੇ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੈ ਤੇ ਉਸ ਨੂੰ ਖਤਮ ਕਰਨ ਅਤੇ ਪੰਥ ਵਿਰੋਧੀ ਸਾਜਿਸ਼ਾਂ ਰਚਣ ਵਾਲਿਆਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ, ਇਹ ਲੋਕ ਆਪਣੀਆਂ ਸਿਆਸੀ ਰੋਟੀਆਂ ਸੇਕਣੀਆਂ ਚਾਹੁੰਦੇ ਹਨ। ਉਹਨਾਂ ਕਿਹਾ ਕਿ ਅੱਜ ਜਦੋਂ ਪੰਜਾਬ ਦੇ ਹਿੱਤਾਂ ਲਈ ਇਕਜੁੱਟ ਹੋ ਕੇ ਪਾਰਟੀ ਦੇ ਨਾਲ ਖੜਨ ਦੀ ਜਰੂਰਤ ਹੈ ਤਾਂ ਐਸੇ ਲੋਕ ਪਾਰਟੀ ਨੂੰ ਡੁੱਬਦੀ ਬੇੜੀ ਸਮਝ ਕੇ ਦੂਸਰੀਆਂ ਬੇੜੀਆਂ ਦੇ ਵਿੱਚ ਸਵਾਰ ਹੋਣ ਦੀਆਂ ਕੋਸ਼ਿਸ਼ਾਂ ਵਿੱਚ ਲੱਗੇ ਹੋਏ ਹਨ ਪਰੰਤੂ ਇਹ ਲੋਕ ਭੁੱਲ ਰਹੇ ਹਨ ਕਿ ਜਿਹੜਾ ਆਪਣੇ ਘਰ ਦਾ ਨਹੀਂ ਬਣਦਾ, ਉਹਨੂੰ ਬਾਹਰੋਂ ਵੀ ਮਾਣ ਨਹੀਂ ਮਿਲਦਾ । ਇਸ ਮੌਕੇ ਬਲਦੇਵ ਸਿੰਘ ਕਲਿਆਣ ਐਸਜੀਪੀਸੀ ਮੈਂਬਰ, ਦਲਜੀਤ ਸਿੰਘ ਕਾਹਲੋ, ਮੇਜਰ ਸਿੰਘ ਅੱਜਲਾ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਕਮਲਜੀਤ ਸਿੰਘ ਗੋਖਾ, ਹਰ ਬਲਜੀਤ ਸਿੰਘ ਲਧੜ ਕੌਮੀ ਮੀਤ ਪ੍ਰਧਾਨ ਯੂਥ ਅਕਾਲੀ ਦਲ, ਪਿਆਰਾ ਸਿੰਘ ਬਿਲਗਾ, ਗੁਰਪ੍ਰੀਤ ਸਿੰਘ ਭੰਡਾਲ ਬੂਟਾ, ਰਣਜੀਤ ਸਿੰਘ ਸਾਗਰਪੁਰ, ਰਮਨਜੀਤ ਸਿੰਘ ਸਾਗਰਪੁਰ, ਮਹਿੰਦਰ ਸਿੰਘ ਭੰਡਾਲ, ਹਰਭਜਨ ਸਿੰਘ ਲੰਬੜਦਾਰ, ਤੀਰਥ ਸਿੰਘ, ਗੁਰਦੀਪ ਸਿੰਘ ਭੰਡਾਲ ਬੂਟਾ, ਸੋਨੀ ਹੇਰਾਂ, ਮੀਕਾ ਰਾਂਘੜਾ ਸਮੇਤ ਵੱਡੀ ਗਿਣਤੀ ਵਿੱਚ ਹੋਰ ਸਾਥੀ ਹਾਜ਼ਰ ਸਨ।

ਡੇਂਗੂ ਤੇ ਮਲੇਰੀਆ ਦੀ ਰੋਕਥਾਮ ਸੰਬੰਧੀ ਡਰਾਈ ਡੇਅ ਤਹਿਤ ਲਾਰਵੇ ਦੀ ਚੈਕਿੰਗ ਕੀਤੀ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)-ਸਿਵਲ ਸਰਜਨ ਹੁਸ਼ਿਆਰਪੁਰ ਡਾ.ਬਲਵਿੰਦਰ ਕੁਮਾਰ ਡੁਮਾਣਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਲਈ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਐੱਸ .ਐੱਮ.ਓ. ਕਰਨ ਕੁਮਾਰ ਸੈਣੀ ਦੀ ਅਗਵਾਈ ਵਿਚ ਸਰਕਾਰੀ ਹਸਪਤਾਲ ਦੀਆਂ ਟੀਮਾਂ ਵੱਲੋਂ ਲਾਰਵੇ ਨੂੰ ਨਸ਼ਟ ਕੀਤਾ ਗਿਆ। ਐੱਸ.ਐੱਮ .ਓ. ਸੈਣੀ ਨੇ ਦੱਸਿਆ ਕਿ ਇਲਾਕੇ ਵਿਚ ਡੇਂਗੂ, ਮਲੇਰੀਆ ਆਦਿ ਦੀ ਰੋਕਥਾਮ ਲਈ ਨਗਰ ਕੌਂਸਲ ਦੀ ਟੀਮ ਦੇ ਸਹਿਯੋਗ ਨਾਲ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਡਰਾਈ ਡੇਅ ਤਹਿਤ ਵੱਖ-ਵੱਖ ਟੀਮਾਂ ਨੇ ਕਈ ਗਲੀਆਂ ਵਿਚ ਚੈਕਿੰਗ ਕੀਤੀ। ਉਨ੍ਹਾਂ ਕਿਹਾ ਕਿ ਸ਼ੁੱਕਰਵਾਰ ਨੂੰ ਯਕੀਨੀ ਬਣਾਇਆ ਜਾਵੇ ਕਿ ਕਿਤੇ ਵੀ ਪਾਣੀ ਇਕੱਠਾ ਨਾ ਹੋਵੇ। ਡੇਂਗੂ ਆਦਿ ਤੋਂ ਬਚਾਅ ਲਈ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਵਿਸ਼ੇਸ਼ ਮੁਹਿੰਮ ਦੌਰਾਨ ਸ਼ਹਿਰ ਵਿੱਚ ਜਿੱਥੇ ਕਿਤੇ ਵੀ ਲਾਰਵਾ ਪਾਇਆ ਜਾਂਦਾ ਹੈ, ਉਸ ਨੂੰ ਮੌਕੇ 'ਤੇ ਹੀ ਨਸ਼ਟ ਕੀਤਾ ਜਾਵੇ। ਕੂਲਰਾਂ ਅਤੇ ਗਮਲਿਆਂ ਦੀਆਂ ਟਰੇਆਂ ਵਿਚ ਪਾਣੀ ਖੜ੍ਹਾ ਨਹੀਂ ਰਹਿਣ ਦੇਣਾ ਚਾਹੀਦਾ। ਮੱਛਰ ਦੇ ਕੱਟਣ ਤੋਂ ਬਚਣ ਲਈ ਪੂਰੇ ਸਰੀਰ ਨੂੰ ਢੱਕਣ ਵਾਲੇ ਕੱਪੜੇ ਪਾਓ। ਸੌਂਦੇ ਸਮੇਂ ਮੱਛਰਦਾਨੀ ਆਦਿ ਦੀ ਵਰਤੋਂ ਕਰੋ। ਬੁਖਾਰ ਦੀ ਸਥਿਤੀ ਵਿੱਚ ਐਸਪਰੀਨ ਜਾਂ ਆਈਬਿਊਪਰੋਫ਼ੈਨ ਨਾ ਲਓ, ਡਾਕਟਰ ਦੀ ਸਲਾਹ ਤੋਂ ਬਾਅਦ ਹੀ ਪੈਰਾਸੀਟਾਮੋਲ ਲਓ। ਪਾਣੀ ਵਾਲੀਆਂ ਟੈਂਕੀਆਂ ਦੇ ਢੱਕਣਾਂ ਨੂੰ ਛੱਤਾਂ 'ਤੇ ਕੱਸ ਕੇ ਬੰਦ ਰੱਖੋ। ਟੁੱਟੇ ਭਾਂਡਿਆਂ, ਡਰੰਮਾਂ, ਟਾਇਰਾਂ ਆਦਿ ਵਿੱਚ ਪਾਣੀ ਇਕੱਠਾ ਨਾ ਹੋਣ ਦਿਓ। ਉਨ੍ਹਾਂ ਕਿਹਾ ਕਿ ਡੇਂਗੂ ਦਾ ਮੱਛਰ ਇਕ ਹਫ਼ਤੇ ਵਿਚ ਇਕ ਅੰਡੇ ਤੋਂ ਪੂਰੀ ਤਰ੍ਹਾਂ ਪੈਦਾ ਹੋਣ ਵਾਲੇ ਮੱਛਰ ਵਿਚ ਬਦਲ ਜਾਂਦਾ ਹੈ। ਇਸ ਲਈ ਹਰ ਸ਼ੁੱਕਰਵਾਰ ਨੂੰ ਡਰਾਈ ਡੇ ਵਜੋਂ ਮਨਾਇਆ ਜਾਵੇ ਅਤੇ ਇਸ ਦੌਰਾਨ ਕੂਲਰਾਂ, ਬਰਤਨਾਂ, ਫਰਿੱਜਾਂ ਆਦਿ ਨੂੰ ਸੁੱਕਾ ਰੱਖਿਆ ਜਾਵੇ। ਇਸ ਮੌਕੇ ਟੀਮ ਨੇ ਕਲੋਰੀਨ ਦੀਆਂ ਗੋਲੀਆਂ ਵੰਡੇ ਜਾਣ ਦੇ ਨਾਲ-ਨਾਲ ਦਸਤ ਤੋਂ ਬਚਣ ਲਈ ਜਾਗਰੂਕਤਾ ਫੈਲਾਈ ਗਈ। ਇਸ ਮੌਕੇ ਬੀ.ਈ.ਈ. ਅਵਤਾਰ ਸਿੰਘ, ਗੁਰਜੀਤ ਸਿੰਘ, ਜਤਿੰਦਰ ਸਿੰਘ, ਮਨਜੀਤ ਸਿੰਘ ਨਗਰ ਕੌਂਸਲ, ਵਿਨੋਦ ਕੁਮਾਰ, ਜਸਵੀਰ ਸਿੰਘ, ਲਸ਼ਕਰ ਸਿੰਘ, ਬਖਸ਼ੀਸ਼ ਸਿੰਘ ਅਤੇ ਵਿਕਰਮ ਰਾਮ ਹਾਜ਼ਰ ਸਨ।

ਆਕਾਸ਼ ਐਜੂਕੇਸ਼ਨਲ ਸਰਵਿਸਿਜ਼ ਵੱਲੋਂ ਐਂਥੇ-2024 ਲਾਂਚ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)-ਆਪਣੀ ਫਲੈਗਸ਼ਿਪ ਸਕਾਲਰਸ਼ਿਪ ਪ੍ਰੀਖਿਆ ਐਥੇ ਦੇ 15 ਸ਼ਾਨਦਾਰ ਸਾਲਾਂ ਦਾ ਜਸ਼ਨ ਮਨਾਉਂਦੇ ਹੋਏ ਹੋਏ, ਟੈਸਟ ਪ੍ਰੈਪਰੇਟਰੀ ਸੇਵਾਵਾਂ ਵਿੱਚ ਮੋਹਰੀ ਸੰਸਥਾ ਆਕਾਸ਼ ਐਜੂਕੇਸ਼ਨਲ ਸਰਵਿਸਜ ਲਿਮਟਿਡ ਨੇ ਐਥੇ ਦੇ ਨਵੀਨਤਮ ਸੰਸਕਰਨ ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ। ਐਥੇ-2024 ਦੇ ਲਾਂਚ ਦੇ ਨਾਲ, ਵਿਗਿਆਨ ਅਤੇ ਤਕਨਾਲੋਜੀ ਵਿੱਚ ਅਗਲੇ ਦੂਰਦਰਸ਼ੀ ਲੋਕਾਂ ਦੀ ਖੋਜ ਸ਼ੁਰੂ ਕੀਤੀ ਗਈ ਹੈ। ਮਹਾਨ ਵਿਗਿਆਨੀ ਜਿਵੇਂ ਜਗਦੀਸ਼ ਚੰਦਰ ਬਸੂ, ਜਿਨ੍ਹਾਂ ਨੇ ਪ੍ਰਮੁੱਖ ਵਨਸਪਤੀ ਵਿਗਿਆਨ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ ਅਤੇ ਡਾ. ਐਮ.ਐਸ. ਸੁਆਮੀਨਾਥਨ, ਜਿਨ੍ਹਾਂ ਨੂੰ ਭਾਰਤ ਦਾ ਹਰਿਤ ਇਨਕਲਾਬ ਦਾ ਜਨਕ ਮੰਨਿਆ ਜਾਂਦਾ ਹੈ। ਡਾ. ਹਰਗੋਬਿੰਦ ਖੁਰਾਨਾ, ਜਿਨ੍ਹਾਂ ਦੀ ਜੈਵ ਰਸਾਇਣ ਵਿਚ ਕੀਤੀਆਂ ਖੋਜਾਂ ਨੂੰ ਨਵਾਂ ਆਕਾਰ ਦਿੱਤਾ ਅਤੇ ਡਾ. ਏ.ਪੀ.ਜੇ. ਅਬਦੁਲ ਕਲਾਮ, ਜਿਨ੍ਹਾਂ ਦੇ ਦੂਰਦਰਸ਼ੀ ਏਅਰੋਸਪੇਸ ਅਤੇ ਮਿਸਾਇਲ ਟੈਕਨਾਲੋਜੀ ਵਿੱਚ ਕੰਮਾਂ ਨੇ ਕੌਮ ਨੂੰ ਪ੍ਰੇਰਿਤ ਕੀਤਾ। ਪ੍ਰਸਿੱਧ ਅਤੇ ਸਭ ਤੋਂ ਵੱਧ ਮੰਗੀ ਜਾਣ ਵਾਲੀ ਟੈਲੇਂਟ ਹੰਟ ਪ੍ਰੀਖਿਆ ਐਂਥੇ-2024 ਕਲਾਸ ਸਤਵੀਂ-ਬਾਹਰਵੀਂ ਦੇ ਵਿਦਿਆਰਥੀਆਂ ਨੂੰ ਮਹੱਤਵਪੂਰਨ ਨਕਦ ਇਨਾਮਾਂ ਦੇ ਨਾਲ 100% ਤੱਕ ਸਕਾਲਰਸ਼ਿਪ ਹਾਸਲ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਇਸ ਸਾਲ, ਇੱਕ ਰੋਮਾਂਚਕ ਜੋੜ ਵਿੱਚ ਪੰਜ ਵਧੀਆ ਵਿਦਿਆਰਥੀਆਂ ਲਈ ਫਲੋਰੀਡਾ, ਯੂਐਸਏ ਵਿੱਚ ਕੈਨੇਡੀ ਸਪੇਸ ਸੈਂਟਰ ਦੀ 5-ਦਿਨ ਦੀ ਸਭ-ਖਰਚ-ਭੁਗਤਾਨ ਯਾਤਰਾ ਸ਼ਾਮਲ ਹੈ। ਐਥੇ-2024 ਪ੍ਰੀਖਿਆ 19-27 ਅਕਤੂਬਰ 2024 ਤੱਕ ਭਾਰਤ ਦੇ 26 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਔਨਲਾਈਨ ਅਤੇ ਔਫਲਾਈਨ ਮੋਡਾਂ ਵਿੱਚ ਹੋਵੇਗੀ। 100% ਤੱਕ ਦੀ ਵਜੀਫੇ ਤੋਂ ਇਲਾਵਾ, ਚੋਟੀ ਦੇ ਸਕੋਰਰ ਨੂੰ ਨਕਦ ਪੁਰਸਕਾਰ ਵੀ ਮਿਲਣਗੇ। 20 ਅਤੇ 27 ਅਕਤੂਬਰ 2024 ਨੂੰ ਦੇਸ਼ ਭਰ ਵਿੱਚ ਆਕਾਸ਼ ਇੰਸਟੀਚਿਊਟ ਦੇ ਸਾਰੇ 315 ਕੇਂਦਰਾਂ 'ਤੇ ਸਵੇਰੇ 10.30 ਵਜੇ ਤੋਂ ਸਵੇਰੇ 11.30 ਵਜੇ ਤੱਕ ਐਂਥੇ ਆਫਲਾਈਨ ਪ੍ਰੀਖਿਆਵਾਂ ਕਰਵਾਈਆਂ ਜਾਣਗੀਆਂ, ਜਦਕਿ ਔਨਲਾਈਨ ਪ੍ਰੀਖਿਆਵਾਂ 19 ਤੋਂ 27 ਅਕਤੂਬਰ 2024 ਤੱਕ ਕਿਸੇ ਵੀ ਸਮੇਂ ਲਈਆਂ ਜਾ ਸਕਦੀਆਂ ਹਨ। ਵਿਦਿਆਰਥੀ ਆਪਣੇ ਲਈ ਸੁਵਿਧਾਜਨਕ ਇੱਕ ਘੰਟੇ ਦਾ ਸਲਾਟ ਚੁਣ ਸਕਦੇ ਹਨ। ਐਥੇ ਇੱਕ ਘੰਟੇ ਦੀ ਪ੍ਰੀਖਿਆ ਹੋਵੇਗੀ ਜਿਸ ਵਿੱਚ ਕੁੱਲ 90 ਅੰਕ ਹੋਣਗੇ ਅਤੇ ਵਿਦਿਆਰਥੀਆਂ ਦੇ ਗ੍ਰੇਡ ਅਤੇ ਸਟ੍ਰੀਮ ਦੀਆਂ ਇੱਛਾਵਾਂ ਦੇ ਆਧਾਰ 'ਤੇ 40 ਬਹੁ-ਚੋਣ ਵਾਲੇ ਪ੍ਰਸ਼ਨ ਹੋਣਗੇ। ਐਥੇ 2024 ਦੇ ਨਤੀਜੇ 8 ਨਵੰਬਰ 2024 ਨੂੰ, ਦਸਵੀਂ ਜਮਾਤ ਦੇ ਵਿਦਿਆਰਥੀਆਂ ਲਈ,13 ਨਵੰਬਰ 2024 ਨੂੰ, ਸੱਤਵੀਂ ਤੋਂ ਨੌਵੀਂ ਜਮਾਤ ਲਈ ਅਤੇ 13 ਨਵੰਬਰ 2024 ਨੂੰ ਜਮਾਤ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਘੋਸ਼ਿਤ ਕੀਤੇ ਜਾਣਗੇ। ਨਤੀਜੇ ਸਾਡੀ ਐਂਥੇਵੈੱਬਸਾਈਟ ਐਥੇ.ਆਕਾਸ਼.ਏਸੀ.ਇੰਨ 'ਤੇ ਉਪਲਬਧ ਹੋਣਗੇ।

ਚੋਰ ਮੱਝਾਂ ਛੱਡ ਕੇ ਹੋਏ ਫਰਾਰ

ਭੁਲੱਥ, (ਮਨਪ੍ਰੀਤ ਸਿੰਘ)-ਕਸਬਾ ਭੁਲੱਥ ਦੇ ਮੁਹੱਲਾ ਸਲਾਮਤਪੁਰ ਨਜ਼ਦੀਕ ਮਹਾਰਾਜਾ ਪੈਲਸ ਤੋਂ ਭਗਵਾਨਪੁਰ ਰੋਡ 'ਤੇ ਸਥਿ

3-AUG-PAGE-10.qxd 8/2/2024 8:26 PM Page 1

ਕਿਸਾਨਾਂ 'ਤੇ ਤਸ਼ੱਦਦ ਕਰਨ ਵਾਲੇ ਅਫ਼ਸਰਾਂ ਨੂੰ ਰਾਸ਼ਟਰਪਤੀ ਐਵਾਰਡ ਦੀ ਸਿਫਾਰਸ਼ ਵਿਰੁੱਧ ਰੋਸ ਮਾਰਚ

ਸਮਰਾਲਾ (ਸੁਰਜੀਤ ਸਿੰਘ)-ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਭਾਰਤ ਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਇੱਕ ਅਗਸਤ ਨੂੰ ਦੇਸ਼ ਭਰ ਵਿੱਚ ਕੇਂਦਰ ਸਰਕਾਰ ਤੇ ਭਾਜਪਾ ਦੀ ਹਰਿਆਣਾ ਸਰਕਾਰ ਦੁਆਰਾ ਆਪਣੇ ਹੀ ਦੇਸ਼ ਦੇ ਨਿਹੱਥੇ ਬੇਕਸੂਰ ਲੋਕਾਂ ਉੱਪਰ ਜੁਲਮ ਕਰਨ ਵਾਲੇ ਅਤੇ ਸ਼ੁਭਕਰਨ ਸਿੰਘ ਦੇ ਕਾਤਲ ਅਫਸਰਾਂ ਦੇ ਨਾਮ ਰਾਸ਼ਟਰਪਤੀ ਐਵਾਰਡ ਲਈ ਸਿਫਾਰਸ਼ ਕਰਨ ਦੇ ਰੋਸ ਵਜੋਂ ਪੁਤਲੇ ਫੂਕੇ ਗਏ।ਇਸ ਮੌਕੇ ਜ਼ਿਲ੍ਹਾ ਲੁਧਿਆਣਾ ਵਿਖੇ ਪੁਤਲਾ ਫੂਕਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜ਼ਿਲ੍ਹਾ ਪ੍ਰਧਾਨ ਸੁਖਿੰਦਰ ਸਿੰਘ ਬੱਗਾ ਨੇ ਕਿਹਾ ਕਿ ਕਿਸੇ ਵੀ ਲੋਕਤਾਂਤਰਿਕ ਦੇਸ਼ ਵਿੱਚ ਉਸ ਦੇਸ਼ ਦਾ ਸੰਵਿਧਾਨ ਆਪਣੇ ਹੱਕਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਅਧਿਕਾਰ ਦਿੰਦਾ ਹੈ, ਪ੍ਰੰਤੂ ਕੇਂਦਰ ਸਰਕਾਰ ਦੇ ਇਸ਼ਾਰੇ ਉੱਪਰ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਆਪਣੇ ਹੀ ਦੇਸ਼ ਦੇ ਨਾਗਰਿਕਾਂ ਉੱਪਰ ਖਨੌਰੀ ਤੇ ਸ਼ੰਭੂ ਬਾਰਡਰ 'ਤੇ 13, 14 ਤੇ 21 ਫਰਵਰੀ ਨੂੰ ਅਣਮਨੁੱਖੀ ਅੱਤਿਆਚਾਰ ਕਰਦਿਆਂ ਕੈਮੀਕਲ ਵਾਲੇ ਹਥਿਆਰਾਂ ਦਾ ਇਸਤੇਮਾਲ ਕਰਕੇ ਅਣਗਿਣਤ ਲੋਕਾਂ ਨੂੰ ਗੰਭੀਰ ਰੂਪ ਵਿੱਚ ਜ਼ਖਮੀ ਕਰ ਦਿੱਤਾ ਗਿਆ ਅਤੇ ਕਿੰਨੇ ਹੀ ਨੌਜਵਾਨਾਂ ਤੇ ਬਜ਼ੁਰਗਾਂ ਦੀਆਂ ਅੱਖਾਂ ਦੀ ਰੌਸ਼ਨੀ ਖੋਹ ਲਈ ਗਈ ਅਤੇ ਪ੍ਰੀਤਪਾਲ ਸਿੰਘ ਨੂੰ ਬੋਰੀ ਵਿੱਚ ਪਾ ਕੇ ਉਸ ਉੱਪਰ ਅਣਮਨੁੱਖੀ ਤਸ਼ੱਦਦ ਕਰਦੇ ਹੋਏ ਉਸ ਦੇ ਸਰੀਰ ਦੀ ਇੱਕ ਇੱਕ ਹੱਡੀ ਤੋੜ ਦਿੱਤੀ ਅਤੇ ਸ਼ੁਭਕਰਨ ਸਿੰਘ ਦੇ ਸਿਰ ਵਿੱਚ ਗੋਲੀ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਗਿਆ ਸੀ।

ਕਿਸਾਨ ਆਗੂਆਂ ਨੇ ਕਿਹਾ ਕਿ ਇਹ ਕਿਸੇ ਵੀ ਲੋਕਤੰਤਰਿਕ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਵੇਗਾ ਕਿ ਕਿਸੇ ਸਰਕਾਰ ਵੱਲੋਂ ਲਿਖਤ ਵਿੱਚ ਮੰਨੀਆਂ ਹੋਈਆਂ ਮੰਗਾਂ ਦਾ ਸਰਕਾਰ ਨੂੰ ਵਾਅਦਾ ਯਾਦ ਕਰਵਾਉਣ ਲਈ ਆਪਣੇ ਦੇਸ਼ ਦੀ ਰਾਜਧਾਨੀ ਨੂੰ ਜਾ ਰਹੇ ਬੇਕਸੂਰ ਨਿਹੱਥੇ ਨਾਗਰਿਕਾਂ ਉੱਪਰ ਜੁਲਮ ਕਰਨ ਵਾਲੇ ਕਾਤਲ ਅਫਸਰਾਂ ਦੇ ਨਾਮ ਕਿਸੇ ਸਰਕਾਰ ਵੱਲੋਂ ਰਾਸ਼ਟਰਪਤੀ ਐਵਾਰਡ ਲਈ ਸਿਫਾਰਸ਼ ਕੀਤੇ ਗਏ ਹਨ।ਗੁਰਦੀਪ ਸਿੰਘ ਬਰਮਾ ਨੇ ਕਿਹਾ ਕਿ ਅੰਗਰੇਜ਼ੀ ਰਾਜ ਸਮੇਂ ਜਦੋਂ ਜਲ੍ਹਿਆਂਵਾਲਾ ਬਾਗ ਵਿਖੇ ਜਨਰਲ ਡਾਇਰ ਵੱਲੋਂ ਨਿਹੱਥੇ ਬੇਕਸੂਰ ਲੋਕਾਂ ਦਾ ਕਤਲੇਆਮ ਕੀਤਾ ਗਿਆ ਸੀ ਤਾਂ ਉਸ ਸਮੇਂ ਵੀ ਅੰਗਰੇਜ਼ੀ ਹਕੂਮਤ ਵੱਲੋਂ ਜਨਰਲ ਡਾਇਰ ਨੂੰ ਤਰੱਕੀ ਨਾ ਦੇ ਕੇ ਨੌਕਰੀ ਤੋਂ ਹਟਾ ਦਿੱਤਾ ਗਿਆ ਸੀ, ਪ੍ਰੰਤੂ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਭਾਰਤ ਵਿੱਚ ਭਾਜਪਾ ਸਰਕਾਰ ਵੱਲੋਂ ਲੋਕਤੰਤਰ ਤੇ ਸੰਵਿਧਾਨ ਦਾ ਘਾਣ ਕਰਦੇ ਹੋਏ ਆਪਣੇ ਹੀ ਦੇਸ਼ ਦੇ ਨਾਗਰਿਕਾਂ ਦਾ ਕਤਲੇਆਮ ਕਰਨ ਵਾਲੇ ਦੋਸ਼ੀ ਕਾਤਲ ਪੁਲਸ ਅਫਸਰਾਂ ਨੂੰ ਸਜ਼ਾ ਦੇਣ ਦੀ ਬਜਾਏ ਉਨ੍ਹਾਂ ਨੂੰ ਸਨਮਾਨਤ ਕੀਤਾ ਜਾ ਰਿਹਾ ਹੈ।ਕਿਸਾਨ ਆਗੂਆਂ ਨੇ ਮਾਣਯੋਗ ਰਾਸ਼ਟਰਪਤੀ ਤੇ ਮਾਣਯੋਗ ਸੁਪਰੀਮ ਕੋਰਟ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਖੁਦ ਇਸ ਮੁੱਦੇ ਉੱਪਰ ਸੋ ਮੋਟੋ ਨੋਟਿਸ ਲੈਂਦੇ ਹੋਏ ਜੁਡੀਸ਼ੀਅਲੀ ਜਾਂਚ ਕਰਵਾ ਕੇ ਮਨੁੱਖੀ ਜ਼ਿੰਦਗੀਆਂ ਦਾ ਘਾਣ ਕਰਨ ਵਾਲੇ ਤੇ ਸ਼ੁਭਕਰਨ ਸਿੰਘ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ।ਇਸ ਮੌਕੇ ਸਵਰਨਜੀਤ ਸਿੰਘ ਘੁਲਾਲ, ਮਲਕੀਤ ਸਿੰਘ ਘੁਲਾਲ, ਹਰਦੀਪ ਸਿੰਘ ਰਾਣਵਾ, ਕੁਲਦੀਪ ਸਿੰਘ ਸੇਖੋ, ਬਲਰਾਜ ਸਿੰਘ, ਗੁਰਜੀਤ ਸਿੰਘ, ਗੁਰਿੰਦਰ ਸਿੰਘ, ਕੁਲਦੀਪ ਸਿੰਘ ਗੁੱਜਰਵਾਲ, ਅਮਰੀਕ ਸਿੰਘ ਹਲਵਾਰਾ, ਕਾਲਾ ਜਲਾਲਦੀਵਾਲ, ਬਲਕਾਰ ਸਿੰਘ ਕਕਰਾਲਾ, ਬਲਪ੍ਰੀਤ ਸਿੰਘ ਬਲਾਲਾ, ਜਗਰੂਪ ਸਿੰਘ ਭੈਣੀ ਬੜਿੰਗਾਂ ਆਦਿ ਕਿਸਾਨ ਆਗੂ ਹਾਜ਼ਰ ਸਨ।

ਰਿਸ਼ਵਤ ਮਾਮਲੇ 'ਚ ਪਟਵਾਰੀ ਨੂੰ ਕੈਦ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਰਿਸ਼ਵਤ ਲੈਣ ਦੇ ਇੱਕ ਮਾਮਲੇ ਵਿੱਚ ਦੋਸ਼ੀ ਪਾਏ ਗਏ ਮਾਲ ਵਿਭਾਗ ਦੇ ਇੱਕ ਸੇਵਾਮੁਕਤ ਪਟਵਾਰੀ ਨੂੰ ਇੱਥੋਂ ਦੀ ਇੱਕ ਅਦਾਲਤ ਵੱਲੋਂ ਕੈਦ ਤੇ ਜੁਰਮਾਨੇ ਦੀ ਸਜ਼ਾ ਸੁਣਾਉਂਦੇ ਹੋਏ ਜੇਲ੍ਹ ਭੇਜ ਦਿੱਤਾ ਹੈ।ਵਿਜੀਲੈਂਸ ਦੇ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਜੁਲਾਈ 2017 ਵਿੱਚ ਅਵਤਾਰ ਸਿੰਘ ਵਾਸੀ ਪਿੰਡ ਬੜਾਲੀ ਆਲਾ ਸਿੰਘ ਨੇ ਵਿਜੀਲੈਂਸ ਬਿਊਰੋ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਸੀ ਕਿ ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਦੇ ਨਾਮ 'ਤੇ 6 ਕਨਾਲ ਜ਼ਮੀਨ ਸੀ ਤੇ ਉਕਤ ਜ਼ਮੀਨ ਦੀ ਵਿਰਾਸਤ ਦਾ ਇੰਤਕਾਲ ਉਨ੍ਹਾਂ ਦੀ ਮਾਤਾ ਤੇ ਉਂਾਂ ਤਿੰਨਾਂ ਭਰਾਵਾਂ ਦੇ ਨਾਮ ਚੜ੍ਹਾਇਆ ਜਾਣਾ ਸੀ, ਜਿਸ ਲਈ ਉਹ ਮਾਲ ਵਿਭਾਗ ਦੇ ਸਬੰਧਤ ਪਟਵਾਰੀ ਨਰਿੰਦਰ ਸਿੰਘ ਸੰਧੂ ਕੋਲ ਗਿਆ ਤਾਂ ਉਕਤ ਪਟਵਾਰੀ ਨੇ ਜ਼ਮੀਨ ਦਾ ਇੰਤਕਾਲ ਉਨ੍ਹਾਂ ਦੇ ਨਾਮ ਚੜ੍ਹਾਉਣ ਬਦਲੇ ਉਸ ਤੋਂ ਰਿਸ਼ਵਤ ਦੀ ਮੰਗ ਕੀਤੀ।ਉਸ ਨੇ ਉਕਤ ਪਟਵਾਰੀ ਦਾ ਮਿੰਨਤ ਤਰਲਾ ਕਰਦੇ ਹੋਏ ਉਸ ਨਾਲ ਗੱਲ 6 ਹਜ਼ਾਰ ਰੁਪਏ ਵਿੱਚ ਤੈਅ ਕੀਤੀ, ਜਿਸ 'ਤੇ ਪਟਵਾਰੀ ਨੇ ਉਸ ਨੂੰ ਕਿਹਾ ਕਿ ਤੂੰ ਅੱਜ 2,000/- ਰੁਪਏ ਦੇ ਜਾ ਮੈਂ ਤੇਰਾ ਕੰਮ ਸ਼ੁਰੂ ਕਰ ਦਿੰਦਾ ਹਾਂ, ਜਿਸ ਦੇ ਕਹਿਣ ਅਨੁਸਾਰ ਉਸ ਨੇ ਪਟਵਾਰੀ ਨਰਿੰਦਰ ਸਿੰਘ ਸੰਧੂ ਨੂੰ ਰਿਸ਼ਵਤ ਦੇ 2,000/- ਰੁਪਏ ਐਡਵਾਂਸ ਦੇ ਦਿੱਤੇ ਤੇ ਬਾਕੀ 4,000/- ਜਲਦ ਦੇਣ ਦਾ ਵਾਅਦਾ ਕਰਕੇ ਉਹ ਆ ਗਿਆ।ਅਵਤਾਰ ਸਿੰਘ ਦੀ ਸ਼ਿਕਾਇਤ ਨੂੰ ਵੈਰੀਫਾਈ ਕਰਨ ਉਪਰੰਤ ਵਿਜੀਲੈਂਸ ਬਿਊਰੋ ਦੀ ਫ਼ਤਹਿਗੜ੍ਹ ਸਾਹਿਬ ਯੂਨਿਟ ਦੇ ਇੰਚਾਰਜ ਡੀ.ਐੱਸ.ਪੀ. ਲਖਵੀਰ ਸਿੰਘ ਦੀ ਅਗਵਾਈ ਵਿੱਚ ਵਿਜੀਲੈਂਸ ਦੀ ਟੀਮ ਵੱਲੋਂ ਉਕਤ ਪਟਵਾਰੀ ਨੂੰ ਰੰਗੇ ਹੱਥੀਂ ਕਾਬੂ ਕਰਨ ਲਈ ਟ੍ਰੈਪ ਲਗਾਇਆ ਗਿਆ।ਦੋ-ਦੋ ਹਜ਼ਾਰ ਰੁਪਏ ਦੇ ਦੋ ਨੋਟਾਂ ਨੂੰ ਪਾਊਡਰ ਲਗਾ ਕੇ ਅਵਤਾਰ ਸਿੰਘ ਤੇ ਉਸ ਦੇ ਰਿਸ਼ਤੇਦਾਰ ਸੁਖਰਾਜ ਸਿੰਘ ਵਾਸੀ ਬਲਾੜੀ ਕਲਾਂ ਨੂੰ ਉਕਤ ਪਟਵਾਰੀ ਕੋਲ ਭੇਜਿਆ ਗਿਆ ਤੇ ਜਿਵੇਂ ਹੀ ਪਟਵਾਰੀ ਨਰਿੰਦਰ ਸਿੰਘ ਸੰਧੂ ਨੇ ਰਿਸ਼ਵਤ ਦੀ ਰਕਮ ਹਾਸਲ ਕੀਤੀ ਤਾਂ ਸੁਖਰਾਜ ਸਿੰਘ ਨੇ ਬਾਹਰ ਇੰਤਜ਼ਾਰ ਕਰ ਰਹੇ ਵਿਜੀਲੈਂਸ ਕਰਮਚਾਰੀਆਂ ਨੂੰ ਇਸ਼ਾਰਾ ਕਰ ਦਿੱਤਾ, ਜਿਸ 'ਤੇ ਵਿਜੀਲੈਂਸ ਦੀ ਟੀਮ ਨੇ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਪਟਵਾਰੀ ਨਰਿੰਦਰ ਸਿੰਘ ਸੰਧੂ ਨੂੰ ਰਿਸ਼ਵਤ ਦੀ ਰਕਮ ਸਮੇਤ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ।ਇਸ ਸਬੰਧੀ ਮਿਤੀ 24/7/17 ਨੂੰ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਵਿਖੇ ਪਟਵਾਰੀ ਨਰਿੰਦਰ ਸਿੰਘ ਸੰਧੂ ਵਿਰੁੱਧ ਪ੍ਰੀਵੈਨਸ਼ਨ ਆਫ ਕੁਰੱਪਸ਼ਨ ਐਕਟ ਦੀ ਧਾਰਾ 7,13(2),88 ਪੀ.ਸੀ. ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਸੀ।ਮੁਕੱਦਮੇ ਦੀ ਸੁਣਵਾਈ ਪੂਰੀ ਹੋਣ 'ਤੇ ਫ਼ਤਹਿਗੜ੍ਹ ਸਾਹਿਬ ਦੀ ਸਪੈਸ਼ਲ ਅਦਾਲਤ ਨੇ ਪਟਵਾਰੀ ਦੇ ਅਹੁਦੇ ਤੋਂ ਸੇਵਾਮੁਕਤ ਹੋ ਚੁੱਕੇ ਨਰਿੰਦਰ ਸਿੰਘ ਸੰਧੂ ਵਾਸੀ ਪਿੰਡ ਮੀਰਪੁਰ ਨੂੰ ਮਾਮਲੇ 'ਚ ਦੋਸ਼ੀ ਮੰਨਦੇ ਹੋਏ 4 ਸਾਲ ਕੈਦ ਬਾਮੁਸ਼ੱਕਤ, 5,000/- ਰੁਪਏ ਜੁਰਮਾਨਾ ਤੇ ਇਸੇ ਮਾਮਲੇ 'ਚ ਪ੍ਰੀਵੈਨਸ਼ਨ ਆਫ ਕੁਰੱਪਸ਼ਨ ਐਕਟ ਦੀ ਧਾਰਾ 13 (2) ਤਹਿਤ ਵੀ ਦੋਸ਼ੀ ਮੰਨਦੇ ਹੋਏ 5,000/- ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਇੰਸ. ਭਿੰਦਰ ਸਿੰਘ ਖੰਗੂੜਾ ਸੇਵਾਮੁਕਤੀ 'ਤੇ ਸਨਮਾਨਤ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਥਾਣਾ ਵਿਖੇ ਤਾਇਨਾਤ ਰਹੇ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ ਦੀ ਸੇਵਾਮੁਕਤੀ 'ਤੇ ਸਮੂਹ ਸਟਾਫ਼ ਨੇ ਉਨ੍ਹਾਂ ਨੂੰ ਸਨਮਾਨਤ ਕੀਤਾ। ਆਪਣੀ ਡਿਊਟੀ ਦੇ ਅੰਤਿਮ ਦਿਨ ਭਾਵੁਕ ਹੋਏ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ ਨੇ ਕਿਹਾ ਕਿ ਇਤਿਹਾਸਕ ਧਰਤੀ ਮਾਛੀਵਾੜਾ ਵਿਖੇ ਨਿਭਾਈਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਣਗੇ। ਉਨ੍ਹਾਂ ਕਿਹਾ ਕਿ ਇੱਥੋਂ ਦੇ ਲੋਕਾਂ ਨੇ ਬਹੁਤ ਸਤਿਕਾਰ ਦਿੱਤਾ ਤੇ ਉਨ੍ਹਾਂ ਵੀ ਹਮੇਸ਼ਾ ਕੋਸ਼ਿਸ਼ ਕੀਤੀ ਕਿ ਪੁਲਸ ਥਾਣਾ ਵਿਖੇ ਆਉਣ ਵਾਲੇ ਹਰ ਇੱਕ ਵਿਅਕਤੀ ਨੂੰ ਇਨਸਾਫ਼ ਮਿਲ ਸਕੇ। ਮਾਛੀਵਾੜਾ ਪੁਲਸ ਥਾਣਾ ਦੇ ਸਟਾਫ਼ ਵੱਲੋਂ ਭਿੰਦਰ ਸਿੰਘ ਖੰਗੂੜਾ ਨੂੰ ਸਨਮਾਨਤ ਕੀਤਾ ਅਤੇ ਬੈਂਡ, ਵਾਜਿਆਂ ਨਾਲ ਸੇਵਾਮੁਕਤੀ 'ਤੇ ਵਿਦਾਇਗੀ ਪਾਰਟੀ ਦਿੱਤੀ। ਇਸ ਮੌਕੇ ਕਰਨੈਲ ਸਿੰਘ, ਮਦਨ ਸਿੰਘ, ਸੰਜੀਵ ਕੁਮਾਰ, ਜਗਤਾਰ ਸਿੰਘ, ਅਮਰਜੀਤ ਸਿੰਘ, ਬੂਟਾ ਸਿੰਘ (ਸਾਰੇ ਸਹਾਇਕ ਥਾਣੇਦਾਰ), ਮੁੱਖ ਮੁਣਸ਼ੀ ਕਰਨਦੀਪ ਸਿੰਘ ਮੌਜੂਦ ਸਨ।

ਬਿਨਾਂ ਲਾਇਸੰਸ ਤੋਂ ਵੇਚੀਆਂ ਜਾ ਰਹੀਆਂ ਦਵਾਈਆਂ ਕੀਤੀਆਂ ਜਬਤ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਗੁਰੂ ਹਰਸਹਾਏ ਵਿੱਚ ਸਥਿਤ ਰਾਜੂ ਭਗਤ ਦੇ ਮੰਦਰ ਕੋਲ ਬਿਨਾਂ ਦਵਾਈਆਂ ਦੇ ਲਾਇਸੰਸ ਤੋਂ ਅੰਗਰੇਜ਼ੀ ਦਵਾਈਆਂ ਦਾ ਕਾਰੋਬਾਰ ਕਰਨ ਵਾਲੇ ਦੁਕਾਨਦਾਰ 'ਤੇ ਰੇਡ ਕਰਦੇ ਹੋਏ ਡਰੱਗ ਇੰਸਪੈਕਟਰ ਮੈਡਮ ਸੋਨੀਆ ਗੁਪਤਾ ਵੱਲੋਂ ਕਈ ਕਿਸਮ ਦੀਆਂ ਦਵਾਈਆਂ ਨੂੰ ਜਬਤ ਕੀਤਾ ਗਿਆ।ਇਸ ਰੇਡ ਸਬੰਧੀ ਜਾਣਕਾਰੀ ਦਿੰਦੇ ਹੋਏ ਮੈਡਮ ਸੋਨੀਆ ਗੁਪਤਾ ਨੇ ਦੱਸਿਆ ਕਿ ਕਿਸੇ ਨੇ ਗੁਪਤ ਸੂਚਨਾ ਦਿੱਤੀ ਕਿ ਗੁਰੂ ਹਰਸਹਾਏ ਵਿੱਚ ਕੁਝ ਲੋਕ ਬਿਨਾਂ ਲਾਇਸੰਸ ਤੋਂ ਅੰਗਰੇਜ਼ੀ ਦਵਾਈਆਂ ਵੇਚ ਰਹੇ ਹਨ, ਜਿਸ 'ਤੇ ਕਾਰਵਾਈ ਕਰਦੇ ਹੋਏ ਸ਼ਰੀਹ ਵਾਲਾ ਰੋਡ 'ਤੇ ਪਿੰਡ ਗਰ ਹਰਸਹਾਏ ਵਿਖੇ ਰਾਜਿੰਦਰ ਕੁਮਾਰ ਪੁੱਤਰ ਹਰਭਜਨ ਲਾਲ ਤੋਂ ਕਈ ਪ੍ਰਕਾਰ ਦੀਆਂ ਅੰਗਰੇਜ਼ੀ ਦਵਾਈਆਂ ਫੜੀਆਂ ਹਨ।ਇੰਸਪੈਕਟਰ ਵੱਲੋਂ ਦਵਾਈਆਂ ਦੇ ਬਿਲ ਮੰਗਣ 'ਤੇ ਇਹ ਦੁਕਾਨਦਾਰ ਬਿੱਲ ਵਗੈਰਾ ਪੇਸ਼ ਨਹੀਂ ਕਰ ਸਕਿਆ, ਜਿਸ ਦੀ ਕੀਮਤ ਲਗਭਗ 55 ਹਜ਼ਾਰ ਬਣਦੀ ਹੈ ਤੇ ਇਸ ਲਈ ਇਸ ਖਿਲਾਫ ਬਿਨਾਂ ਲਾਇਸੰਸ ਦੇ ਦਵਾਈਆਂ ਵੇਚਣ ਦਾ ਪਰਚਾ ਦਰਜ ਕੀਤਾ ਜਾਵੇਗਾ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਕੋਈ ਵੀ ਵਿਅਕਤੀ ਇਸ ਤਰ੍ਹਾਂ ਬਿਨਾਂ ਲਾਇਸੰਸ ਤੋਂ ਦਵਾਈਆਂ ਵੇਚੇਗਾ ਤਾਂ ਉਸ ਉੱਪਰ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਏਗੀ।

ਗੁਰਦੁਆਰਾ ਭੋਰਾ ਸਾਹਿਬ ਵਿਖੇ ਸੰਗਤ ਵੱਲੋਂ ਸੋਨੇ ਦੇ ਦਰਵਾਜ਼ਿਆਂ ਦੀ ਸੇਵਾ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮਾਤਾ ਗੁਜਰ ਕੌਰ ਜੀ ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਦੇ ਪਵਿੱਤਰ ਸ਼ਹੀਦੀ ਅਸਥਾਨ ਗੁਰਦੁਆਰਾ ਸ੍ਰੀ ਭੋਰਾ ਸਾਹਿਬ (ਸ੍ਰੀ ਫ਼ਤਹਿਗੜ੍ਹ ਸਾਹਿਬ) ਵਿਖੇ ਅੱਜ ਸੰਗਤਾਂ ਵੱਲੋਂ ਸੋਨੇ ਦੇ ਚੌਥੇ ਦਰਵਾਜ਼ੇ ਦੀ ਸੇਵਾ ਕੀਤੀ ਗਈ।ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਤੇ ਤਖਤ ਸ੍ਰੀ ਆਨੰਦਪੁਰ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਉਚੇਚੇ ਤੌਰ 'ਤੇ ਪਹੁੰਚੇ।ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਗੁਰੂ ਰੀਅਲ ਸਟੇਟ ਦੇ ਮਾਲਕ ਤੇ ਮੋਹਾਲੀ ਦੀ ਸੰਗਤ ਵੱਲੋਂ ਇਸ ਪਵਿੱਤਰ ਸ਼ਹੀਦੀ ਅਸਥਾਨ 'ਤੇ ਗੁਰਦੁਆਰਾ ਭੋਰਾ ਸਾਹਿਬ ਲਈ ਸੋਨੇ ਦੇ ਚੌਥੇ ਦਰਵਾਜ਼ੇ ਦੀ ਸੇਵਾ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਸੰਗਤਾਂ ਦਾ ਇਹ ਉਪਰਾਲਾ ਸ਼ਲਾਘਾਯੋਗ ਹੈ ਤੇ ਗੁਰੂ ਸਾਹਿਬ ਅੱਗੋਂ ਵੀ ਇਸੇ ਤਰ੍ਹਾਂ ਸੰਗਤਾਂ ਤੋਂ ਸੇਵਾ ਲੈਂਦੇ ਰਹਿਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਫਿਲਮ ਅਦਾਕਾਰ ਯੋਗਰਾਜ ਸਿੰਘ, ਜਥੇਦਾਰ ਅਵਤਾਰ ਸਿੰਘ ਰਿਆ ਤੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਵੀ ਹਾਜ਼ਰ ਸਨ।

ਰੋਟਰੀ ਕਲੱਬ ਸਮਾਣਾ ਸਿਟੀ ਨੇ ਤੀਆਂ ਦਾ ਤਿਉਹਾਰ ਮਨਾਇਆ

ਤੀਆਂ ਦੇ ਤਿਉਹਾਰ ਦਾ ਸਾਡੇ ਪੁਰਾਤਨ ਸੱਭਿਆਚਾਰ ਨਾਲ ਗੂੜ੍ਹਾ ਸੰਬੰਧ : ਸੁਸ਼ਮਾ, ਸਾਚੀ

ਸਮਾਣਾ (ਗੁਰਪਿਆਰ ਸਿੰਘ ਬੱਲ)-ਜਿੱਥੇ ਪੰਜਾਬ ਵਿੱਚ ਸਾਡਾ ਪੁਰਾਤਨ ਸੱਭਿਆਚਾਰ ਦਿਨੋ-ਦਿਨ ਅਲੋਪ ਹੁੰਦਾ ਜਾ ਰਿਹਾ ਹੈ, ਉਥੇ ਦੂਜੇ ਪਾਸੇ ਤੀਆਂ ਵਰਗੇ ਤਿਉਹਾਰ ਮਨਾ ਕੇ ਇਸ ਨੂੰ ਸਾਂਭਣ ਦੇ ਯਤਨ ਵੀ ਕੀਤੇ ਜਾ ਰਹੇ ਹਨ, ਜਿਸ ਦੇ ਚਲਦਿਆਂ ਰੋਟਰੀ ਕਲੱਬ ਸਮਾਣਾ ਸਿਟੀ ਵੱਲੋਂ ਪ੍ਰਧਾਨ ਸਾਚੀ ਸਿੰਗਲਾ ਦੀ ਅਗਵਾਈ ਹੇਠ ਪੰਜਾਬੀ ਸੱਭਿਆਚਾਰ ਨੂੰ ਕਾਇਮ ਰੱਖਣ ਤੇ ਨਵੀਂ ਪੀੜ੍ਹੀ ਨੂੰ ਆਪਣੇ ਪੁਰਾਤਨ ਸੱਭਿਆਚਾਰ ਨਾਲ ਜੋੜਨ ਲਈ ਤੀਆਂ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਤੇ ਧੂਮ-ਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਰੋਟਰੀ ਕਲੱਬ ਸਮਾਣਾ ਸਿਟੀ ਦੀਆਂ ਸਮੂਹ ਮੈਂਬਰਾਂ ਮਹਿਲਾਵਾਂ ਨੇ ਭਾਗ ਲਿਆ ਤੇ ਉਨ੍ਹਾਂ ਨੇ

3-AUG-PAGE-11.qxd 8/2/2024 8:37 PM Page 1

ਈ ਟੀ ਓ ਵੱਲੋਂ ਤਹਿਸੀਲ ਦਫਤਰ ਤੇ ਸੇਵਾ ਕੇਂਦਰ ਦੀ ਚੈਕਿੰਗ ਟੋਕਨ ਪ੍ਰਣਾਲੀ ਨੂੰ ਪਾਰਦਰਸ਼ੀ ਕਰਨ ਦੀ ਹਦਾਇਤ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—ਹਰਭਜਨ ਸਿੰਘ ਈ:ਟੀ:ਓ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਪੰਜਾਬ ਵੱਲੋਂ ਅਚਾਨਕ ਤਹਿਸੀਲ ਅੰਮ੍ਰਿਤਸਰ ਅਤੇ ਸੇਵਾ ਕੇਂਦਰ ਦੀ ਅਚਨਚੇਤ ਚੈਕਿੰਗ ਕੀਤੀ ਅਤੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਮੇਂ ਸਿਰ ਆਪਣੀ ਡਿਊਟੀ ਦੇ ਹਾਜ਼ਰ ਹੋਣ ਅਤੇ ਕੰਮ ਕਰਵਾਉਣ ਲਈ ਆਏ ਲੋਕਾਂ ਨੂੰ ਖੱਜਲ-ਖੁਆਰ ਨਾ ਹੋਣ ਦੇਣ।ਈ: ਟੀ: ਓ. ਨੇ ਇਸ ਮੌਕੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਵੀ ਸੁਣਿਆ। ਲੋਕਾਂ ਨੇ ਧਿਆਨ ਵਿੱਚ ਲਿਆਂਦਾ ਕਿ ਠੋਕਣ ਲੈਣ ਵਿੱਚ ਸਮੱਸਿਆ ਆਉਂਦੀ ਹੈ ਅਤੇ ਇਸ ਵਿੱਚ ਪੂਰੀ ਤਰ੍ਹਾਂ ਪਾਰਦਰਸ਼ਤਾ ਨਹੀਂ ਹੈ ਇਸ ਉਤੇ ਕੈਬਨਿਟ ਮੰਤਰੀ ਨੇ ਹਦਾਇਤ ਕੀਤੀ ਕਿ ਟੋਕਨ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਕੀਤਾ ਜਾਵੇ ਅਤੇ ਜੋ ਵੀ ਆਦਮੀ ਸਾਹਮਣੇ ਖੜਾ ਹੈ ਉਸ ਦੇ ਨਾਮ ਉੱਤੇ ਹੀ ਟੋਕਨ ਦਿੱਤਾ ਜਾਵੇ। ਕੈਬਨਿਟ ਮੰਤਰੀ ਨੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਤਹਿਸੀਲਾਂ ਵਿੱਚ ਕੰਮ ਕਰਵਾਉਣ ਵਾਲੇ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਹੀਂ ਆਉਣੀ ਚਾਹੀਦੀ।ਉਨ੍ਹਾਂ ਕਿਹਾ ਕਿ ਲੋਕ ਤੜਕਸਾਰ ਹੀ ਆਪਣਾ ਸਮਾਂ ਕੱਢ ਕੇ ਕੰਮ ਕਰਵਾਉਣ ਆਉਂਦੇ ਹਨ ਅਤੇ ਉਨ੍ਹਾਂ ਦਾ ਕੰਮ ਸਮੇਂ ਸਿਰ ਹੋਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਹੋਰ ਕੰਮ ਵੀ ਕਰ ਸਕਣ।ਚੈਕਿੰਗ ਦੌਰਾਨ ਕੈਬਨਿਟ ਮੰਤਰੀ ਹਰਭਜਨ ਸਿੰਘ ਵੱਲੋਂ ਸੇਵਾ ਕੇਂਦਰ ਦੀ ਚੈਕਿੰਗ ਦੌਰਾਨ ਵ੍ਹੀਲ ਚੇਅਰ ਉਤੇ ਇੱਕ ਬਜ਼ੁਰਗ ਮਾਤਾ ਅਤੇ ਉਸਨੂੰ ਨਾਲ ਲੈ ਕੇ ਆਈ ਔਰਤ ਨਾਲ ਮੁਲਾਕਾਤ ਹੋਈ।ਔਰਤ ਨੇ ਦੱਸਿਆ ਕਿ ਉਹ ਸੇਵਾ ਕੇਂਦਰ ਵਿਖੇ ਆਪਣੀ ਮਾਤਾ ਦੀ ਪੈਨਸ਼ਨ ਸਬੰਧੀ ਆਈ ਹੋਈ ਹੈ।ਉਸ ਨੇ ਦੱਸਿਆ ਕਿ ਉਹ ਪੰਜ ਭੈਣਾਂ ਅਤੇ ਇੱਕ ਭਰਾ ਹਨ।ਉਨ੍ਹਾਂ ਦੇ ਭਰਾ ਨੇ ਮਾਤਾ ਨੂੰ ਘਰੋਂ ਕੱਢ ਦਿੱਤਾ ਹੈ ਅਤੇ ਇਹ ਮਾਤਾ ਇਸ ਵੇਲੇ ਮੇਰੇ ਕੋਲ ਰਹਿ ਰਹੀ ਹੈ। ਮੇਰੀਆਂ ਆਪਣੀਆਂ ਧੀਆਂ ਹਨ ਅਤੇ ਇਸ ਲਈ ਮੈਨੂੰ ਵਿੱਤੀ ਸਹਾਇਤਾ ਦੀ ਲੋੜ ਹੈ।ਇਹ ਸੁਣ ਕੇ ਕੈਬਨਿਟ ਮੰਤਰੀ ਨੇ ਡੀਸੀ ਨੂੰ ਤੁਰੰਤ ਹੱਲ ਕਰਨ ਲਈ ਕਿਹਾ, ਜਿਨ੍ਹਾਂ ਨੇ ਆਪਣੇ ਕੋਟੇ ਵਿੱਚੋਂ 36 ਹਜ਼ਾਰ ਰੁਪਏ ਜੋ ਕਿ ਉਨਾਂ ਦੇ ਘਰ ਦਾ ਛੇ ਮਹੀਨੇ ਦਾ ਕਿਰਾਇਆ ਸੀ, ਮੌਕੇ ਉੱਤੇ ਦੇ ਕੇ ਤੋਰਿਆ।ਕੈਬਨਿਟ ਮੰਤਰੀ ਨੇ ਉਸੇ ਹੀ ਸਮੇਂ ਡਿਪਟੀ ਕਮਿਸ਼ਨਰ ਦਫਤਰ ਵਿੱਚ ਸਬੰਧਤ ਅਧਿਕਾਰੀਆਂ ਨੂੰ ਮੌਕੇ 'ਤੇ ਸੱਦਿਆ ਅਤੇ ਕਿਹਾ ਕਿ ਇਸ ਮਾਤਾ ਦੀ ਪੈਨਸ਼ਨ ਤੁਰੰਤ ਲਗਾਈ ਜਾਵੇ।ਇਸ ਮੌਕੇ ਡੀਸੀ ਘਨਸ਼ਾਮ ਥੋਰੀ, ਐੱਸਡੀਐੱਮ ਮਨਕੰਵਲ ਸਿੰਘ ਚਾਹਲ, ਤਹਿਸੀਲਦਾਰ ਅਮਰਜੀਤ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਨਾਬਾਲਗ ਲੜਕੀ ਨੂੰ ਛੇੜਨ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਪਿਛਲੇ ਦੋ ਮਹੀਨਿਆਂ ਤੋਂ ਇਨਸਾਫ ਲੈਣ ਲਈ ਥਾਣਾ ਸਰਾਏ ਅਮਾਨਤ ਖਾਂ ਦੇ ਚੱਕਰ ਕੱਟ ਰਹੇ ਹਨ ਪਰ ਉਨ੍ਹਾਂ ਨੂੰ ਇਨਸਾਫ ਨਹੀਂ ਮਿਲ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਮੈਲ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਛੀਨਾ ਬਿਧੀ ਚੰਦ ਨੇ ਦੱਸਿਆ ਕਿ 1 ਜੂਨ ਨੂੰ ਜਦੋਂ ਉਸ ਦੀ 16 ਸਾਲਾ ਨਾਬਾਲਗ ਲੜਕੀ ਘਰ ਵਿੱਚ ਇਕੱਲੀ ਮੌਜੂਦ ਸੀ ਤਾਂ ਉਨ੍ਹਾਂ ਦਾ ਗੁਆਂਢੀ ਪੰਜਾਬ ਸਿੰਘ ਜੋ ਕਿ ਸ਼ਾਦੀਸ਼ੁਦਾ ਹੈ, ਸਾਡੇ ਘਰ ਜਬਰੀ ਦਾਖ਼ਲ ਹੋਇਆ ਅਤੇ ਮੇਰੀ ਲੜਕੀ ਨਾਲ ਛੇੜਛਾੜ ਕਰਨੀਂ ਸ਼ੁਰੂ ਕਰ ਦਿੱਤੀ ।ਰੌਲ਼ਾ ਪਾਉਣ 'ਤੇ ਗੁਆਂਢ ਰਹਿੰਦੇ ਉਸ ਦੇ ਭਰਾ ਨਿਰਵੈਲ ਸਿੰਘ ਦੀ ਪਤਨੀ ਸਰਬਜੀਤ ਕੌਰ ਜਦ ਬਾਹਰ ਆਈ ਤਾਂ ਉਕਤ ਵਿਅਕਤੀ ਫ਼ਰਾਰ ਹੋ ਗਿਈ ਜਿਸ ਸੰਬੰਧੀ ਉਨ੍ਹਾਂ ਵੱਲੋਂ ਸਬੰਧਿਤ ਥਾਣਾ ਸਰਾਏ ਅਮਾਨਤ ਖਾਂ ਸਮੇਤ ਵੱਖ-ਵੱਖ ਮਹਿਕਮਿਆਂ ਨੂੰ 5 ਜੂਨ 2024 ਨੂੰ ਦਰਖਾਸਤ ਦੇ ਕੇ ਇਨਸਾਫ ਲਈ ਗੁਹਾਰ ਲਗਾਈ।ਪੁਲਸ ਵੱਲੋਂ ਪਰਚਾ ਤਾਂ ਦਰਜ ਕਰ ਲਿਆ ਗਿਆ ਪਰ ਦੋ ਮਹੀਨੇ ਬੀਤ ਜਾਣ ਬਾਅਦ ਵੀ ਉਕਤ ਵਿਅਕਤੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ ਜਿਸ ਕਰਕੇ ਉਕਤ ਵਿਅਕਤੀ ਮੁੜ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਰਿਹਾ ਹੈ। ਉਨ੍ਹਾਂ ਨੇ ਉਚ ਪੁਲਸ ਅਧਿਕਾਰੀਆਂ ਕੋਲ ਜਾਨ-ਮਾਲ ਦੀ ਰਾਖੀ ਅਤੇ ਉਕਤ ਵਿਅਕਤੀ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਇਨਸਾਫ ਨਾ ਮਿਲਿਆ ਤਾਂ ਉਹ ਥਾਣੇ ਦੇ ਬਾਹਰ ਧਰਨਾ ਲਗਾਉਣ ਲਈ ਮਜਬੂਰ ਹੋਣਗੇ। ਇਸ ਸਬੰਧੀ ਜਦੋਂ ਪੰਜਾਬ ਸਿੰਘ ਅਤੇ ਥਾਣਾ ਮੁਖੀ ਸਰਾਏ ਅਮਾਨਤ ਖਾਂ ਇੰਸਪੈਕਟਰ ਬਲਰਾਜ ਸਿੰਘ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਨੇ ਫੋਨ ਰਿਸੀਵ ਨਹੀਂ ਕੀਤਾ।

ਕਵਿਤਾ ਸਿਰਜਣ ਮੁਕਾਬਲੇ 'ਚ ਸਵਿੱਤਰੀ ਵੱਲੋਂ ਅਵੱਲ ਸਥਾਨ ਹਾਸਲ

ਪਠਾਨਕੋਟ (ਦਵਿੰਦਰ ਸਿੰਘ)- ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਦੀ ਰਹਿਨੁਮਾਈ ਅਧੀਨ ਜ਼ਿਲ੍ਹਾ ਭਾਸ਼ਾ ਦਫ਼ਤਰ ਪਠਾਨਕੋਟ ਵੱਲੋਂ ਜ਼ਿਲ੍ਹਾ ਪੱਧਰੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ ਐੱਸ ਐੱਮ ਡੀ ਆਰ ਐੱਸ ਡੀ ਕਾਲਜ ਆਫ ਐਜੂਕੇਸ਼ਨ ਪਠਾਨਕੋਟ ਵਿਖੇ ਕਰਵਾਏ ਗਏ, ਜਿਸ ਵਿੱਚ ਜ਼ਿਲ੍ਹਾ ਭਰ ਦੇ ਵਿਦਿਆਰਥੀਆਂ ਨੇ ਭਾਗ ਲਿਆ। ਜ਼ਿਲ੍ਹਾ ਭਾਸ਼ਾ ਅਫ਼ਸਰ ਪਠਾਨਕੋਟ ਡਾ. ਸੁਰੇਸ਼ ਮਹਿਤਾ ਦੀ ਅਗਵਾਈ ਵਿੱਚ ਹੋਏ ਇਸ ਸਮਾਗਮ ਵਿੱਚ ਕਵਿਤਾ ਰਚਨਾ, ਕਹਾਣੀ ਰਚਨਾ, ਲੇਖ ਰਚਨਾ ਤੇ ਕਵਿਤਾ ਗਾਇਨ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਦੀ ਰਚਨਾਤਮਿਕਤਾ ਤੇ ਸਿਰਜਣਾਤਮਕਤਾ ਨੂੰ ਜੱਜਾਂ ਵੱਲੋਂ ਪਰਖਿਆ ਗਿਆ। ਹਰ ਮੁਕਾਬਲੇ ਵਿੱਚ ਮੈਟ੍ਰਿਕ ਪੱਧਰ ਦੇ ਵਿਦਿਆਰਥੀਆਂ ਵੱਲੋਂ ਕਮਾਲ ਕਰ ਦਿਖਾਇਆ। ਵਿਦਿਆਰਥੀਆਂ ਨੂੰ ਸਾਹਿਤ ਸਿਰਜਣਾ ਲਈ ਮੌਕੇ 'ਤੇ ਹੀ ਵਿਸ਼ੇ ਦਿੱਤੇ ਗਏ ਜਿਸ 'ਤੇ ਉਹਨਾਂ ਵੱਲੋਂ ਸਾਹਿਤ ਸਿਰਜਣਾ ਕੀਤੀ ਗਈ। ਸਭ ਤੋਂ ਪਹਿਲਾਂ ਕਾਲਜ ਪ੍ਰਿੰਸੀਪਲ ਡਾ. ਮੀਨਾਕਸ਼ੀ ਵਿੱਗ ਨੇ ਆਏ ਹੋਏ ਮਹਿਮਾਨਾਂ ਤੇ ਵਿਦਿਆਰਥੀਆਂ ਨੂੰ ਕਾਲਜ ਦੇ ਵਿਹੜੇ ਵਿੱਚ ਪਹੁੰਚਣ 'ਤੇ ਜੀ ਆਇਆਂ ਨੂੰ ਕਿਹਾ। ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਉਭਾਰਨ ਲਈ ਇਹ ਵਧੀਆ ਤੇ ਸ਼ਲਾਘਾਯੋਗ ਉਪਰਾਲਾ ਹੈ। ਵਾਈਸ ਪ੍ਰਿੰਸੀਪਲ ਪ੍ਰੋ. ਸੁਸ਼ਮਾ ਵੱਲੋਂ ਵੀ ਵਿਭਾਗ ਦੇ ਉਪਰਾਲੇ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਜੱਜਾਂ ਦੀ ਭੂਮਿਕਾ ਸ਼ਾਇਰ ਦਵਿੰਦਰ ਅੱਤਰੀ, ਡਾ. ਸੰਦੀਪ ਕੌਰ, ਡਾ. ਪਵਨ ਕੁਮਾਰ ਤੇ ਪ੍ਰੋ. ਪੂਜਾ ਵੱਲੋਂ ਨਿਭਾਈ ਗਈ ਜਦ ਕਿ ਮੰਚ ਦਾ ਸੰਚਾਲਨ ਵਿਨੋਦ ਕੁਮਾਰ ਵੱਲੋਂ ਬਾਖੂਬੀ ਕੀਤਾ ਗਿਆ। ਕਵਿਤਾ ਰਚਨਾ ਮੁਕਾਬਲੇ ਵਿੱਚ ਸਵਿੱਤਰੀ ਸ ਸ ਸ ਸ ਮਮੂਨ ਨੇ ਪਹਿਲਾ, ਹਰਮੀਤ ਪਲਿਆਨ ਸ ਸ ਸ ਸ ਮਲਿਕਪੁਰ ਨੇ ਦੂਜਾ ਤੇ ਹਰਸ਼ਨਾ ਦੇਵੀ ਸ ਸ ਸ ਸ ਬਮਿਆਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਹਾਣੀ ਰਚਨਾ ਵਿੱਚ ਪਹਿਲੇ ਸਥਾਨ 'ਤੇ ਮਾਨਸੀ ਸ ਕੰ ਸ ਸ ਸ ਪਠਾਨਕੋਟ ਦੂਜੇ ਸਥਾਨ 'ਤੇ ਗੌਤਮ ਸਿੰਘ ਮਨਹਾਸ ਸ ਸ ਸ ਸ ਘਿਆਲਾ ਤੇ ਤੀਜੇ ਸਥਾਨ 'ਤੇ ਰੋਹਨ ਮਹਿਮੀ ਸ ਹ ਹ ਗੁੜ੍ਹਾ ਕਲਾਂ ਰਿਹਾ। ਲੇਖ ਰਚਨਾ ਵਿੱਚ ਤਮੰਨਾ ਦੇਵੀ, ਸ ਹ ਸ ਨਿਚਲੀ ਬੜੋਈ ਪਹਿਲੇ, ਜੋਤੀ ਸ ਸ ਸ ਸ ਘੋਹ ਦੂਜੇ ਅਤੇ ਸ਼ਿਵਾਲਿਕਾ ਸੇਂਟ ਥਾਮਸ ਸ ਸ ਸ ਪਠਾਨਕੋਟ ਤੀਜੇ ਸਥਾਨ 'ਤੇ ਰਹੀ। ਕਵਿਤਾ ਗਾਇਨ ਮੁਕਾਬਲੇ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਗੁਨਰੂਪ ਬਾਜਵਾ, ਕਰਾਇਸਟ ਦਾ ਕਿੰਗ ਕਾਨਵੈਂਟ ਸਕੂਲ ਸੁਜਾਨਪੁਰ ਨੇ ਪਹਿਲਾ, ਕੇਜੀਆ ਨਾਹਰ ਸੇਂਟ ਥਾਮਸ ਸ ਸ ਸ ਪਠਾਨਕੋਟ ਨੇ ਦੂਜਾ ਤੇ ਮਾਨੀਆ ਸ ਸ ਸ ਸ ਕੀੜੀ ਖ਼ੁਰਦ ਨੇ ਤੀਜਾ ਸਥਾਨ ਹਾਸਲ ਕੀਤਾ। ਜੇਤੂ ਵਿਦਿਆਰਥੀਆਂ ਨੂੰ ਵਿਭਾਗੀ ਪੁਸਤਕਾਂ ਦੇ ਸੈੱਟ ਇਨਾਮ ਵਜੋਂ ਦਿੱਤੇ ਗਏ ਤੇ ਵਿਦਿਆਰਥੀਆਂ ਨੂੰ ਤਿਆਰ ਕਰਨ ਵਾਲੇ ਅਧਿਆਪਕਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਹਨਾਂ ਮੁਕਾਬਲਿਆਂ ਵਿੱਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਰਾਜ ਪੱਧਰੀ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਭੇਜਿਆ ਜਾਵੇਗਾ। ਸਮਾਗਮ ਵਿੱਚ ਦਫ਼ਤਰ ਦੇ ਕਰਮਚਾਰੀ ਰਾਜੇਸ਼ ਕੁਮਾਰ, ਖੋਜ ਅਫ਼ਸਰ, ਕਲਰਕ ਜੁਗਲ ਕਿਸ਼ੋਰ ਤੇ ਕਮਲ ਕਿਸ਼ੋਰ ਵੀ ਹਾਜ਼ਰ ਸਨ।

ਭਾਰਤੀ ਜਨਤਾ ਪਾਰਟੀ ਦੀ ਮੀਟਿੰਗ ਸਫਲਤਾਪੂਰਵਕ ਸੰਪੰਨ

ਬਟਾਲਾ (ਤਰਲੋਕ ਬੱਗਾ)-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਦੀ ਅਗਵਾਈ ਹੇਠ ਸਥਾਨਕ ਭਾਜਪਾ ਦਫਤਰ ਵਿਖੇ ਮੀਟਿੰਗ ਕੀਤੀ ਗਈ ਜਿਸ ਵਿੱਚ ਸੰਗਠਨ ਮਹਾਂਮੰਤਰੀ ਸ੍ਰੀਨੀਵਾਸਲੂ ਅਤੇ ਪੰਜਾਬ ਦੇ ਜਨਰਲ ਸਕੱਤਰ ਰਾਕੇਸ਼ ਰਾਠੌਰ ਮੁੱਖ ਤੌਰ 'ਤੇ ਪਹੁੰਚੇ । ਇਸ ਮੌਕੇ ਸੰਗਠਨ ਮਹਾਂਮੰਤਰੀ ਸ੍ਰੀਨੀਵਾਸਲੂ ਅਤੇ ਜਨਰਲ ਸਕੱਤਰ ਰਾਕੇਸ਼ ਰਾਠੌਰ ਵਲੋਂ ਸਾਂਝੇ ਤੌਰ 'ਤੇ ਪਹੁੰਚ ਕੇ ਭਾਜਪਾ ਵਰਕਰਾਂ ਦੇ ਸੰਗਠਨਾਤਮਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਵਰਕਰਾਂ ਨੂੰ ਲਾਮਬੰਦ ਕੀਤਾ ਓਥੇ ਹੀ ਕੇਂਦਰ ਵਿਚ ਤੀਸਰੀ ਵਾਰ ਬਣੀ ਐਨ ਡੀ ਏ ਸਰਕਾਰ ਦੀਆਂ ਲੋਕ ਹਿਤੈਸ਼ੀ ਸਕੀਮਾਂ ਨੂੰ ਘਰ ਘਰ ਪਹੁੰਚਾਉਣ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਜ਼ਿਲਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਵਲੋਂ ਸੰਗਠਨ ਮੰਤਰੀ ਸ੍ਰੀਨਿਵਸਲੂ ਅਤੇ ਜਨਰਲ ਸਕੱਤਰ ਰਾਕੇਸ਼ ਰਾਠੌਰ ਦਾ ਭਾਜਪਾ ਦਫਤਰ ਪਹੁੰਚਣ 'ਤੇ ਗਰਮ ਜੋਸ਼ੀ ਨਾਲ ਸਵਾਗਤ ਕੀਤਾ ਅਤੇ ਆਗਾਮੀ ਚੋਣਾਂ ਲੜਨ ਸੰਬੰਧੀ ਭਾਜਪਾ ਵਰਕਰਾਂ ਦੇ ਹੌਸਲੇ ਬੁਲੰਦ ਹੋਣ ਦੀ ਗੱਲ ਕਹੀ। ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਨੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਦਾ ਗ੍ਰਾਫ ਤੇਜ਼ੀ ਨਾਲ ਵਧਿਆ ਹੈ ਅਤੇ ਲੋਕ ਅਮਨ ਪਸੰਦ ਲੋਕ ਪੰਜਾਬ ਵਿੱਚ ਵੀ ਭਾਜਪਾ ਨੂੰ ਕਮਾਂਡ ਦੇਣਾ ਚਾਹੁੰਦੇ ਹਨ। ਇਸ ਮੌਕੇ ਪੰਜਾਬ ਉਪ ਪ੍ਰਧਾਨ ਫਤਹਿਜੰਗ ਸਿੰਘ ਬਾਜਵਾ, ਸਾਬਕਾ ਮੰਤਰੀ ਅਸ਼ਵਨੀ ਸੇਖੜੀ, ਸਾਬਕਾ ਚੇਅਰਮੈਨ ਰਵੀਕਰਨ ਸਿੰਘ ਕਾਹਲੋਂ , ਸਾਬਕਾ ਵਿਧਾਇਕ ਬਲਵਿੰਦਰ ਸਿੰਘ ਲਾਡੀ, ਮਹਿਲਾ ਮੋਰਚਾ ਜਨਰਲ ਸਕੱਤਰ ਅੰਬਿਕਾ ਖੰਨਾ, ਹਲਕਾ ਇੰਚਾਰਜ ਫ਼ਤਹਿਗੜ੍ਹ ਚੂੜੀਆਂ ਬਿਕਰਮਜੀਤ ਸਿੰਘ ਨਠਵਾਲ , ਬਲਜਿੰਦਰ ਸਿੰਘ ਡਕੋਹਾ ਹਲਕਾ ਇੰਚਾਰਜ ਸ੍ਰੀ ਹਰਗੋਬਿੰਦਪੁਰ, ਯੁਵਾ ਮੋਰਚਾ ਦੇ ਕਾਰਜਕਾਰੀ ਮੈਂਬਰ ਨਿਤਿਨ ਸ਼ਰਮਾ, ਮੰਡਲ ਪ੍ਰਧਾਨ, ਮੋਰਚਾ ਪ੍ਰਧਾਨ ਅਤੇ ਵੱਡੀ ਗਿਣਤੀ ਵਿਚ ਭਾਜਪਾ ਵਰਕਰ ਹਾਜ਼ਰ ਸਨ ।

1+ਗ੍ਰੇਡ ਲਈ ਐੱਸ ਐੱਸ ਐੱਮ ਕਾਲਜ ਪੰਜਾਬ ਸਰਕਾਰ ਵੱਲੋਂ ਸਨਮਾਨਤ

ਦੀਨਾਨਗਰ (ਸੰਜੀਵ)-ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਵਿਭਾਗ ਵੱਲੋਂ ਨਿਰਦੇਸ਼ਿਤ 'ਉੱਚ ਸਿੱਖਿਆ ਵਿੱਚ ਉੱਤਮਤਾ' ਨੂੰ ਸਮਰਪਤ ਸਨਮਾਨ ਸਮਾਰੋਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਕਰਵਾਇਆ ਗਿਆ, ਜਿਸ ਵਿੱਚ ਹਰਜੋਤ ਸਿੰਘ ਬੈਂਸ (ਉੱਚ ਸਿੱਖਿਆ ਅਤੇ ਭਾਸ਼ਾ ਮੰਤਰੀ ਪੰਜਾਬ) ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਮਾਰੋਹ ਦਾ ਉਦੇਸ਼ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੀਆਂ ਸਿੱਖਿਆ ਸੰਸਥਾਵਾਂ ਨੂੰ ਸਨਮਾਨਤ ਕਰਨਾ ਸੀ। ਸਮਾਗਮ ਵਿੱਚ ਐਸ. ਐੱਸ. ਐੱਮ.ਕਾਲਜ ਦੀਨਾਨਗਰ ਦੇ ਪ੍ਰਿੰਸੀਪਲ ਡਾ. ਆਰ.ਕੇ. ਤੁਲੀ ਨੂੰ ਰਾਸ਼ਟਰੀ ਮੁਲਾਂਕਣ ਅਤੇ ਮਾਨਤਾ ਪ੍ਰੀਸ਼ਦ ਦੁਆਰਾ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਲਈ ਦਿੱਤੇ ਗਏ 1+ ਗ੍ਰੇਡ ਲਈ ਵਿਸ਼ੇਸ਼ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਨੇ ਇਹ ਸਨਮਾਨ ਐਸ.ਐਸ.ਐਮ. ਕਾਲਜ ਲਈ ਇੱਕ ਮੀਲ ਪੱਥਰ ਵਜੋਂ ਪ੍ਰਾਪਤ ਕੀਤਾ। ਸਮਾਰੋਹ ਵਿੱਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜਸਪਾਲ ਸਿੰਘ ਸੰਧੂ, ਕਮਲ ਕਿਸ਼ੋਰ ਯਾਦਵ (ਪ੍ਰਸ਼ਾਸਕੀ ਸਕੱਤਰ ਉੱਚ ਸਿੱਖਿਆ ਅਤੇ ਭਾਸ਼ਾ, ਪੰਜਾਬ), ਸ੍ਰੀਮਤੀ ਅੰਮ੍ਰਿਤ ਸਿੰਘ (ਰੁਜ਼ਗਾਰ ਉਤਪਤੀ, ਹੁਨਰ ਵਿਕਾਸ, ਸਿਖਲਾਈ ਅਤੇ ਉਚੇਰੀ ਸਿੱਖਿਆ, ਪੰਜਾਬ) ਹਾਜ਼ਰ ਸਨ।

ਬੈਸਟ ਫੋਟੋਗ੍ਰਾਫਰ ਵੈੱਲਫੇਅਰ ਐਸੋਸੀਏਸ਼ਨ ਬਟਾਲਾ ਨੇ ਫਿਊਜੀ ਫਿਲਮ ਕੈਮਰੇ ਦੀ ਵਰਕਸ਼ਾਪ ਲਗਾਈ

ਬੁਤਾਲਾ (ਨਿਰਮਲ ਸਿੰਘ ਸੰਘਾ)- ਹੈਪੀ ਫੋਟੋ ਸੇਲ ਰਵਿੰਦਰ ਸਿੰਘ ਅੰਮ੍ਰਿਤਸਰ ਦੇ ਸਹਿਯੋਗ ਅਤੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਰਹਿਨਮਈ ਹੇਠ ਫਿਊਜੀ ਫਿਲਮ ਕੈਮਰੇ ਦੀ ਵਰਕਸ਼ਾਪ ਲਗਾਈ ਗਈ। ਇਸ ਮੌਕੇ ਫਿਊਜੀ ਕੈਮਰਾ ਦੇ ਇੰਜੀਨੀਅਰ ਐੱਮ. ਐੱਸ. ਰੋਹਿਤ ਨਿਕਾਲ ਇੰਜੀਨੀਅਰ ਅਬਮਨ ਅਤੇ ਪੂਰੇ ਸਟਾਫ ਨੇ ਬੈਸਟ

3-Aug-PAGE-12.qxd 8/2/2024 8:30 PM Page 1

ਦੁਨੀਆ ਭਰ ਦੇ ਹਜ਼ਾਰਾਂ ਵਿਦਿਆਰਥੀਆਂ ਨੇ ਐਲ ਪੀ ਯੂ 'ਚ ਪੂਰੇ ਉਤਸ਼ਾਹ ਨਾਲ ਆਪਣੀ ਨਵੀਂ ਯਾਤਰਾ ਦੀ ਕੀਤੀ ਸ਼ੁਰੂਆਤ

ਜਲੰਧਰ (ਸ਼ੈਲੀ ਐਲਬਰਟ) - ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਆਪਣੇ ਅਕਾਦਮਿਕ ਸਾਲ 2024 ਦੀ ਸ਼ੁਰੂਆਤ ਇੱਕ ਰੋਮਾਂਚਕ ਫਰੈਸ਼ਮੈਨ ਇੰਡਕਸ਼ਨ ਪ੍ਰੋਗਰਾਮ ਨਾਲ ਕੀਤੀ, ਜਿਸ ਵਿੱਚ ਦੁਨੀਆ ਭਰ ਦੇ ਵੱਖ-ਵੱਖ ਰਾਜਾਂ ਅਤੇ ਦੇਸ਼ਾਂ ਦੇ ਹਜ਼ਾਰਾਂ ਵਿਦਿਆਰਥੀਆਂ ਦਾ ਸੁਆਗਤ ਕੀਤਾ ਗਿਆ । ਇਵੈਂਟ ਵਿੱਚ ਕਈ ਤਰ੍ਹਾਂ ਦੇ ਸੈਸ਼ਨ ਸ਼ਾਮਲ ਸਨ, ਜਿਵੇਂ ਕਿ ਇੰਟਰਐਕਟਿਵ ਗੇਮਜ਼, ਸਨਮਾਨਿਤ ਮਹਿਮਾਨਾਂ ਤੋਂ ਉਦਯੋਗ ਦੀ ਜਾਣਕਾਰੀ, ਮੁਲਾਕਾਤ ਅਤੇ ਨਮਸਕਾਰ ਸੈਸ਼ਨ ਅਤੇ ਆਇਸ ਬ੍ਰੇਕਿੰਗ ਦੀਆਂ ਗਤੀਵਿਧੀਆਂ । ਪ੍ਰੋਗਰਾਮ ਦੇ ਉਦਘਾਟਨ ਵਿੱਚ ਐਲਪੀਯੂ ਦੀ ਪ੍ਰੋ-ਚਾਂਸਲਰ ਕਰਨਲ ਰਸ਼ਮੀ ਮਿੱਤਲ ਮੁੱਖ ਤੌਰ ਤੇ ਹਾਜ਼ਰ ਸਨ। ਇਸ ਤੋਂ ਬਾਅਦ ਐਲਪੀਯੂ ਪ੍ਰਬੰਧਨ ਸਟਾਫ਼ ਦੁਆਰਾ ਆਉਣ ਵਾਲੇ ਭਵਿੱਖ ਵਿੱਚ ਵਿਦਿਆਰਥੀਆਂ ਦੀ ਉਡੀਕ ਕਰਨ ਵਾਲੇ ਸੰਭਾਵੀ ਮੌਕਿਆਂ ਬਾਰੇ ਕੀਮਤੀ ਜਾਣਕਾਰੀ ਸਾਂਝੀ ਕੀਤੀ। ਹਰਸ਼ ਦੀਵਾਨ, ਕੁਆਂਟੀਫਾਈ ਇੰਕ. ਵਿਖੇ ਸ਼ਮੂਲੀਅਤ ਲੀਡ ਰਣਨੀਤਕ ਅਕਾਉਂਟਸ; ਰਾਜਪੂਤ ਸਿੰਘ, ਮਾਈਕ੍ਰੋਸਾਫਟ ਦੇ ਸਲਾਹਕਾਰ ਪ੍ਰੋਗਰਾਮ ਡਾਇਰੈਕਟਰ; ਪੁਨੀਤ ਆਹਲੂਵਾਲੀਆ, ਮੈਨੇਜਿੰਗ ਡਾਇਰੈਕਟਰ ਸਕਿਓਰਿਟੀ, ਐਕਸੈਂਚਰ, ਰਾਜੇਸ਼ ਖਰਬੰਦਾ, ਨੀਵੀਆ ਸਪੋਰਟਸ ਦੇ ਚੇਅਰਮੈਨ ਸਮੇਤ ਉਦਯੋਗਿਕ ਦਿੱਗਜਾਂ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ। ਹੋਰ ਚੀਜ਼ਾਂ ਦੇ ਨਾਲ-ਨਾਲ, ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਅਸਲ-ਜੀਵਨ ਦੇ ਤਜ਼ਰਬਿਆਂ ਨੂੰ ਸਾਂਝਾ ਕੀਤਾ ਗਿਆ ਸੀ, ਜਿਸ ਨਾਲ ਉਨ੍ਹਾਂ ਦੇ ਅਕਾਦਮਿਕ ਕੰਮਾਂ ਲਈ ਇੱਕ ਸਕਾਰਾਤਮਕ ਮਾਹੌਲ ਸਥਾਪਿਤ ਕੀਤਾ ਗਿਆ ਸੀ। ਵਿਦਿਆਰਥੀਆਂ ਕੋਲ ਆਪਣੇ ਅਧਿਆਪਕਾਂ ਨਾਲ ਗੱਲਬਾਤ ਕਰਨ, ਆਪਣੇ ਨਵੇਂ ਮਾਹੌਲ ਵਿੱਚ ਭਾਈਚਾਰੇ ਅਤੇ ਜਾਣ-ਪਛਾਣ ਦੀ ਭਾਵਨਾ ਨੂੰ ਵਧਾਉਣ ਦੇ ਨਾਲ-ਨਾਲ ਯੂਨੀਵਰਸਿਟੀ ਦੇ ਨਿਯਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਇੱਕ ਕੀਮਤੀ ਮੌਕਾ ਵੀ ਸੀ। ਪ੍ਰੋ ਚਾਂਸਲਰ ਕਰਨਲ ਰਸ਼ਮੀ ਮਿੱਤਲ ਨੇ ਨਵੇਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ, ਉਹਨਾਂ ਨੂੰ ਐਲਪੀਯੂ ਵਿੱਚ ਆਪਣੇ ਕਾਰਜਕਾਲ ਦੌਰਾਨ ਨਿੱਜੀ ਵਿਕਾਸ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ।। ਇੱਕ ਪ੍ਰੋਗਰਾਮ ਦੀਆਂ ਸੀਮਾਵਾਂ ਤੋਂ ਬਾਹਰ ਖੋਜ ਨੂੰ ਅੱਗੇ ਵਧਾਉਣ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਅਕਾਦਮਿਕ ਅਨੁਭਵ ਨੂੰ ਮਜ਼ਬੂਤ ਕਰਨ ਲਈ ਪ੍ਰੋਜੈਕਟਾਂ, ਪ੍ਰਯੋਗਾਂ ਅਤੇ ਹੋਰ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ । ਸਮਾਗਮ ਵਿੱਚ ਸੱਭਿਆਚਾਰਕ ਪ੍ਰਦਰਸ਼ਨ ਕਲਾਤਮਕ ਪ੍ਰਤਿਭਾ ਦਾ ਇੱਕ ਵਧੀਆ ਪ੍ਰਦਰਸ਼ਨ ਸੀ ਜਿਸ ਵਿੱਚ ਡਾਂਸ, ਡਰਾਮਾ, ਮਾਈਮ ਅਤੇ ਹੋਰ ਗਤੀਵਿਧੀਆਂ ਦੇ ਨਾਲ ਸੰਗੀਤਕ ਪ੍ਰਦਰਸ਼ਨ ਸ਼ਾਮਲ ਸਨ।ਸੀਨੀਅਰ ਵਿਦਿਆਰਥੀਆਂ ਨੇ ਨਵੇਂ ਵਿਦਿਆਰਥੀਆਂ ਨੂੰ ਸਕਾਰਾਤਮਕ ਬਣਾਉਣ ਅਤੇ ਉਨ੍ਹਾਂ ਨੂੰ ਆਪਣੀ ਸਮਰੱਥਾ ਦਾ ਪ੍ਰਦਰਸ਼ਨ ਕਰਨ ਲਈ ਉਤਸ਼ਾਹਿਤ ਕਰਨ ਲਈ ਆਇਸ ਬ੍ਰੇਕਿੰਗ ਵਾਲੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ, ਜਿਸ ਨਾਲ ਉਨ੍ਹਾਂ ਦੇ ਅਕਾਦਮਿਕ ਸਫ਼ਰ ਦੀ ਇੱਕ ਸਕਾਰਾਤਮਕ ਅਤੇ ਉਤਸ਼ਾਹੀ ਸ਼ੁਰੂਆਤ ਨੂੰ ਯਕੀਨੀ ਬਣਾਇਆ ਗਿਆ । ਨਾਲ ਆਏ ਮਾਪਿਆਂ ਲਈ ਇੱਕ ਵਿਸ਼ੇਸ਼ ਸ਼ੰਕਾ ਨਿਵਾਰਨ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਉਹਨਾਂ ਨੂੰ ਸਿਖਲਾਈ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਉਹਨਾਂ ਦੇ ਸਾਰੇ ਸਵਾਲਾਂ ਦਾ ਨਿਪਟਾਰਾ ਕੀਤਾ ਗਿਆ ।

ਡੀ ਪੀ ਆਰ ਇਲੈਵਨ ਨੇ ਗਲੀ ਕ੍ਰਿਕਟ ਦਾ ਪ੍ਰਦਰਸ਼ਨੀ ਮੈਚ ਜਿੱਤਿਆ

ਐੱਸ ਏ ਐੱਸ (ਗੁਰਜੀਤ ਬਿੱਲਾ)- ਯੂ.ਟੀ. ਕ੍ਰਿਕਟ ਐਸੋਸੀਏਸ਼ਨ ਅਤੇ ਚੰਡੀਗੜ੍ਹ ਪੁਲਿਸ ਵੱਲੋਂ 'ਬੱਲਾ ਘੁੰਮਾਓ, ਨਸ਼ਾ ਭਜਾਓ' ਦੇ ਸਲੋਗਨ ਤਹਿਤ ਕਰਵਾਈ ਜਾ ਰਹੀ ਗਲੀ ਕ੍ਰਿਕਟ ਦੇ ਬੀਤੀ ਰਾਤ ਪੀ.ਸੀ.ਏ. ਕੌਮਾਂਤਰੀ ਕ੍ਰਿਕਟ ਸਟੇਡੀਅਮ ਮੁਹਾਲੀ ਵਿਖੇ ਖੇਡੇ ਗਏ ਪ੍ਰਦਰਸ਼ਨੀ ਮੈਚ ਵਿੱਚ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਦੀ ਡੀ ਪੀ ਆਰ ਇਲੈਵਨ ਨੇ ਟਰਾਈਸਿਟੀ ਦੇ ਖੇਡ ਪੱਤਰਕਾਰਾਂ ਦੀ ਟੀਮ ਨੂੰ ਛੇ ਦੌੜਾਂ ਨਾਲ ਹਰਾਇਆ। ਡੀ ਪੀ ਆਰ ਟੀਮ ਦੇ ਆਦਿਲ ਆਜ਼ਮੀ ਨੂੰ ਹਰਫ਼ਨਮੌਲਾ ਪ੍ਰਦਰਸ਼ਨ ਬਦਲੇ 'ਮੈਨ ਆਫ਼ ਦਿ ਮੈਚ' ਚੁਣਿਆ ਗਿਆ।

ਬਹੁਤ ਹੀ ਰੋਮਾਂਚਕ ਤੇ ਫਸਵੇਂ ਘੱਟ ਸਕੋਰ ਵਾਲੇ ਮੈਚ ਵਿੱਚ ਡੀ.ਪੀ.ਆਰ. ਟੀਮ ਦੇ ਕਪਤਾਨ ਨਵਦੀਪ ਸਿੰਘ ਗਿੱਲ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ। ਡੀ.ਪੀ.ਆਰ. ਟੀਮ ਨੇ ਨਿਰਧਾਰਤ 10 ਓਵਰਾਂ ਵਿੱਚ 7 ਵਿਕਟਾਂ ਦੇ ਨੁਕਸਾਨ ਉਤੇ 59 ਦੌੜਾਂ ਬਣਾਈਆਂ। ਡੀ.ਪੀ.ਆਰ. ਵੱਲੋਂ ਆਦਿਲ ਆਜ਼ਮੀ ਨੇ ਸਭ ਤੋਂ ਵੱਧ 21 ਦੌੜਾਂ ਬਣਾਈਆਂ। ਰਣਦੀਪ ਸਿੰਘ ਨੇ 9, ਨਵਦੀਪ ਸਿੰਘ ਗਿੱਲ ਨੇ ਨਾਬਾਦ 6 ਤੇ ਅੰਮ੍ਰਿਤ ਸਿੰਘ ਨੇ ਵੀ 6 ਦੌੜਾਂ ਬਣਾਈਆਂ।

ਖੇਡ ਪੱਤਰਕਾਰਾਂ ਦੀ ਟੀਮ ਵੱਲੋਂ ਸੰਦੀਪ ਕੌਸ਼ਿਕ ਨੇ ਤਿੰਨ ਅਤੇ ਗੌਰਵ ਮਰਵਾਹਾ ਤੇ ਲੱਲਨ ਯਾਦਵ ਨੇ ਇਕ-ਇਕ ਵਿਕਟ ਲਈ। 60 ਦੌੜਾਂ ਦੇ ਸਕੋਰ ਦਾ ਪਿੱਛਾ ਕਰਦੀ ਖੇਡ ਪੱਤਰਕਾਰਾਂ ਦੀ ਟੀਮ 10 ਓਵਰਾਂ ਵਿੱਚ ਸੱਤ ਵਿਕਟਾਂ ਦੇ ਨੁਕਸਾਨ ਉਤੇ 54 ਦੌੜਾਂ ਹੀ ਬਣਾ ਸਕੀ। ਗੌਰਵ ਮਰਵਾਹਾ ਨੇ ਸਭ ਤੋਂ ਵੱਧ 27 ਦੌੜਾਂ ਬਣਾਈਆਂ ਜਦੋਂ ਕਿ ਰਵੀ ਅਟਵਾਲ ਨੇ 12 ਤੇ ਸੰਜੀਵ ਨੇ ਨਾਬਾਦ 5 ਦੌੜਾਂ ਬਣਾਈਆਂ।

ਡੀ.ਪੀ.ਆਰ. ਟੀਮ ਵੱਲੋਂ ਅਮਿਤ ਕੁਮਾਰ, ਜਸਵੰਤ ਸਿੰਘ, ਆਦਿਲ ਆਜ਼ਮੀ ਤੇ ਮੁਕੇਸ਼ ਕੁਮਾਰ ਨੇ ਇਕ-ਇੱਕ ਵਿਕਟ ਲਈ। ਆਦਿਲ ਨੇ ਇਕ ਕੈਚ ਵੀ ਲਿਆ ਅਤੇ ਇਕ ਖਿਡਾਰੀ ਨੂੰ ਰਨ ਆਊਟ ਕੀਤਾ।

ਭੁੰਗਰਨੀ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਮਤਿ ਸਮਾਗਮ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਭੁੰਗਰਨੀ ਵਿਖੇ ਇਤਿਹਾਸਿਕ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ 'ਤੇ ਪਾਤਸ਼ਾਹੀ ਅੱਠਵੀਂ ਧੰਨ ਧੰਨ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ।ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਦੱਸਿਆ ਕਿ ਅੰਮ੍ਰਿਤ ਵੇਲੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਸੁਖਚੈਨ ਸਿੰਘ ਹੌਂਡ ਗ੍ਰੰਥੀ ਭੁੰਗਰਨੀ, ਭਾਈ ਸਰਬਜੀਤ ਸਿੰਘ ਕਥਾ ਵਾਚਕ ਜਲੰਧਰ ਵਾਲਿਆਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਨੰਬਰਦਾਰ ਰਾਜਵੀਰ ਸਿੰਘ, ਬਲਵੀਰ ਸਿੰਘ ਤੰਬੜ, ਗੁਰਪ੍ਰੀਤ ਸਿੰਘ ਗੋਪੀ, ਬਲਵਿੰਦਰ ਸਿੰਘ, ਤਜਿੰਦਰ ਸਿੰਘ, ਗੁਰਜੀਤ ਸਿੰਘ, ਅਮਰੀਕ ਸਿੰਘ, ਡਾਕਟਰ ਤਾਰੀ, ਰਾਮ ਸਿੰਘ, ਹਰਿਦਰ ਸਿੰਘ, ਦਵਿੰਦਰ ਸਿੰਘ, ਭੁਪਿੰਦਰ ਸਿੰਘ, ਜੁਝਾਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

ਏ ਜੀ ਆਈ ਫਿਜ਼ੀਕਲ ਫਿਟਨੈੱਸ ਚੈਂਪੀਅਨਸ਼ਿਪ ਦੇ ਦੂਜੇ ਦਿਨ ਹੋਏ ਪੰਜ ਮੁਕਾਬਲੇ

ਜਲੰਧਰ (ਰਾਜੇਸ਼ ਥਾਪਾ) ਗੋਲਡ ਜਿਮ, ਜਲੰਧਰ ਹਾਈਟਸ 1, 66 ਫੁੱਟ ਰੋਡ ਜਲੰਧਰ ਵਿਖੇ ਚੱਲ ਰਹੀ ਏਜੀਆਈ ਫਿਜ਼ੀਕਲ ਫਿਟਨੈਸ ਚੈਂਪੀਅਨਸ਼ਿਪ ਦੇ ਦੂਜੇ ਦਿਨ ਪੁੱਲ ਅੱਪਸ, ਜੰਪਿੰਗ ਜੈਕ, ਬੈਂਚ ਪ੍ਰੈਸ, ਬੈਟਲ ਰੋਪ ਅਤੇ ਸਕਿਪਿੰਗ ਰੋਪ ਈਵੈਂਟਸ ਦਾ ਆਯੋਜਨ ਕੀਤਾ ਗਿਆ।

ਚੈਂਪੀਅਨਸ਼ਿਪ ਦੇ ਦੂਜੇ ਦਿਨ ਦੇ ਨਤੀਜੇ ਇਸ ਪ੍ਰਕਾਰ ਹਨ- ਪੁੱਲ ਅੱਪਸ: ਮਰਦ ਅਤੇ ਔਰਤਾਂ 20 ਸਾਲ ਤੋਂ ਘੱਟ 'ਚ ਰਿਭਵ 28, ਗੁਰਜਾਪ 25, ਅਭੈ 12, ਗਗਨ 9, 30 ਸਾਲ ਤੋਂ ਘੱਟ: ਜੋਬਨਜੀਤ 24, ਗੁਰਜੋਤ ਸੰਘਾ 23, 40 ਸਾਲ ਤੋਂ ਘੱਟ : ਰਜਿੰਦਰ 43, ਪਰੀ 22, ਪੁਨੀਤ 19, ਦਾਨਿਸ਼ 18, ਨਵੀਨ 12, 50 ਸਾਲ ਤੋਂ ਘੱਟ; ਅਮਿਤ ਭਾਰਤੀ 32, ਗੁਰਵਿੰਦਰ ਰਿੱਪੀ 20, ਡਾ ਅਭਿਨਵ 14, ਸ਼ਾਲਿਨੀ 10 ਜੰਪਿੰਗ ਜੈਕਸ : ਮਰਦ ਅਤੇ ਔਰਤਾਂ 'ਚ 20 ਸਾਲ ਦੇ ਅਧੀਨ, ਗਗਨ ਸੇਖੋਂ 200, ਰਿਭਵ 128, 40 ਸਾਲ ਤੋਂ ਘੱਟ, ਨਵੀਨ ਸ਼ੇਰਾਵਤ 1000, ਪੁਨੀਤ ਜੱਬਲ 372, ਰਜਿੰਦਰ ਕੌਰ 221, ਰਾਜਵਿੰਦਰ ਕੌਰ 312, ਪਰੀ 290. 50 ਸਾਲ ਤੋਂ ਘੱਟ, ਅਭਿਨਵ 120, ਸਤਿੰਦਰ 202, ਜਸਪਾਲ ਕੌਰ 432, ਸ਼ਾਲਿਨੀ 364, ਬਲਜਿੰਦਰ ਕੌਰ 135, ਗੰਗੀ ਕਾਲੜਾ 120, ਪਰਲ 100, ਬੈਂਚ ਪ੍ਰੈਸ: ਮਰਦ ਅਤੇ ਔਰਤਾਂ 'ਚ 20 ਸਾਲ ਤੋਂ ਘੱਟ, ਗੁਰਜਾਪ 62, ਅਭੈ 56, ਰਿਭਵ 34, ਗਗਨ 29 30 ਸਾਲ ਤੋਂ ਘੱਟ 'ਚ ਲਵ ਦੁਆ 79, ਜੋਬਨਜੀਤ 67, ਗੁਰਜੋਤ 61, 40 ਸਾਲ ਤੋਂ ਘੱਟ 'ਚ ਹਨੀ 90, ਪੁਨੀਤ 64, ਦਾਨਿਸ਼ 50, ਨਵੀਨ 26, ਰਜਿੰਦਰ 32, ਪਰੀ 17, ਰਾਜਵਿੰਦਰ ਕੌਰ 13, 50 ਸਾਲ ਤੋਂ ਘੱਟ 'ਚ ਗੁਰਿੰਦਰ ਰਿੱਪੀ 52, ਡਾ: ਅਭਿਨਵ 51, ਅਮਿਤ ਭਾਰਤੀ 43, ਮਨਪ੍ਰੀਤ 36, ਸਤਿੰਦਰ 34, ਬਲਜਿੰਦਰ ਕੌਰ 30, ਗੌਗੀ ਕਾਲੜਾ 21, ਸ਼ਾਲਿਨੀ 19, 60 ਸਾਲ ਤੋਂ ਘੱਟ 'ਚ ਦੀਪਕ ਸ਼ਰਮਾ 38, ਸਤਿੰਦਰ 34, ਸੰਜੀਵ ਅਰੋੜਾ 30, ਸੰਜੇ ਮਿੱਤਲ 30, ਸੁਮਨ ਮਿੱਤਲ 27. ਬੈਟਲ ਰੱਸੀ: ਮਰਦ ਅਤੇ ਔਰਤਾਂ 'ਚ 30 ਸਾਲ ਤੋਂ ਘੱਟ ਜੋਬਨਜੀਤ 102, ਅਭੈ 102, ਰਿਭਵ 74, ਗਗਨ 66, ਗੁਰਜਾਪ 57, 40 ਸਾਲ ਤੋਂ ਘੱਟ 'ਚ ਪਰੀ 92, ਰਾਜਵਿੰਦਰ ਕੌਰ 86, ਰਾਜਿੰਦਰ ਕੌਰ 57, ਪੁਨੀਤ 72, ਨਵਨੀਤ 66, ਦਾਨਿਸ਼ 53, 50 ਸਾਲ ਤੋਂ ਘੱਟ ਬਲਜਿੰਦਰ ਕੌਰ 82, ਸ਼ਾਲਿਨੀ ਠਾਕੁਰ 60, ਅਭਿਨਵ 51, 60 ਸਾਲ ਤੋਂ ਘੱਟ ਸਤਿੰਦਰ ਸਿੰਘ 62, ਟੱਪਣ ਵਾਲੀ ਰੱਸੀ 'ਚ 20 ਸਾਲ ਤੋਂ ਘੱਟ ਰਿਭਵ 41, ਗਗਨ 9.

ਖਾਲਸਾ ਕਾਲਜ 'ਚ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

ਸੁਲਤਾਨਪੁਰ ਲੋਧੀ,,(ਹਨੀ) ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਵਿਖੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ । ਸਮਾਗਮ 'ਚ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ ਵੀ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ।ਉਨ੍ਹਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਨੇ ਦੇਸ਼ ਨੂੰ ਅੰਗਰੇਜ਼ਾਂ ਹੱਥੋਂ ਅਜ਼ਾਦ ਕਰਾਉਣ ਲਈ ਜੋ ਸ਼ਹਾਦਤ ਦਿੱਤੀ ਹੈ, ਉਸ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ । ਇਸ ਮੌਕੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਅਤੇ ਸਮੂਹ ਸਟਾਫ ਮੈਂਬਰਾਂ ਵੱਲੋਂ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਦੱਸਿਆ ਗਿਆ ਕਿ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿੱਚ ਅਮਰ ਹੋਏ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਦੇਸ਼ ਵਾਸੀਆਂ ਨੂੰ ਸਦਾ ਹੀ ਜਬਰ ਜੁਲਮ ਵਿਰੁੱਧ ਲੜਨ ਲਈ ਪ੍ਰੇਰਿਤ ਕਰਦੀ ਰਹੇਗੀ। ਇਸ ਮੌਕੇ ਡਾ. ਮਨੀ ਛਾਬੜਾ, ਪ੍ਰੋ. ਸੁਖਪਾਲ ਸਿੰਘ, ਰਾਜਦੀਪ ਕੌਰ ਜੋਸਨ, ਰਾਜਪ੍ਰੀਤ ਕੌਰ, ਗੁਰਪ੍ਰੀਤ ਕੌਰ, ਜੁਗਰਾਜ ਸਿੰਘ, ਅਰਸ਼ਪ੍ਰੀਤ ਕੌਰ, ਰਿਸ਼ੂ ਬਾਲਾ, ਜਸਪ੍ਰੀਤ ਕੌਰ, ਅਮਨਦੀਪ ਕੌਰ, ਮਨਮੀਤ ਕੌਰ, ਸਰਬਜੀਤ ਕੌਰ, ਹਰਪ੍ਰੀਤ ਸਿੰਘ, ਸੰਦੀਪ ਕੌਰ, ਹਰਜਾਪ ਸਿੰਘ, ਨਿਵਿਆ ਸ਼ਰਮਾ, ਦੀਕਸ਼ਾ, ਡਾ. ਅਮਨਦੀਪ ਕੌਰ, ਇਸ਼ਿਤਾ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਚਮਕਾਇਆ ਗਰੁੱਪ ਦਾ ਨਾਂਅ

ਜਲੰਧਰ, (ਇਕਬਾਲ ਸਿੰਘ ਉੱਭੀ)—ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਨੇ ਜ਼ੋਨਲ ਪੱਧਰੀ ਟੂਰਨਾਮੈਂਟਾਂ ਵਿੱਚ ਭਾਗ ਲਿਆ ਅਤੇ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਆਪਣੀ ਪ੍ਰਤਿਭਾ ਅਤੇ ਲਗਨ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਲੜਕੇ ਅਤੇ ਲੜਕੀਆਂ ਦੋਵਾਂ ਨੇ ਸ਼ਤਰੰਜ, ਕ੍ਰਿਕਟ, ਬਾਸਕਟਬਾਲ ਅਤੇ ਤਾਈਕਵਾਂਡੋ ਸਮੇਤ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲਿਆ। ਇਹ ਖੇਡਾਂ ਪੰਜਾਬ ਸਰਕਾਰ ਦੇ ਜ਼ੋਨਲ ਸਕੱਤਰ ਡੇਰਾਬਸੀ ਵੱਲੋਂ ਕਰਵਾਈਆਂ ਗਈਆਂ। ਵਿਦਿਆਰਥੀਆਂ ਨੇ ਆਪਣੇ ਹੁਨਰ ਅਤੇ ਟੀਮ ਵਰਕ ਦਾ ਪ੍ਰਦਰਸ਼ਨ ਕਰਦੇ ਹੋਏ ਇਨ੍ਹਾਂ ਈਵੈਂਟਾਂ ਵਿੱਚ ਮਹੱਤਵਪੂਰਨ ਸਥਾਨ ਹਾਸਲ ਕੀਤੇ। ਪ੍ਰਾਪਤੀਆਂ ਹਾਸਲ ਕਾਰਨ ਵਾਲੇ ਵਿਦਿਆਰਥੀ ਇਸ ਪ੍ਰਕਾਰ ਹਨ: ਸ਼ਤਰੰਜ ਵਿੱਚ 9ਵੀਂ ਜਮਾਤ ਦੀ ਸੋਨਲ ਨੇ ਅੰਡਰ-17 ਲੜਕਿਆਂ ਦੇ ਵਰਗ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਕ੍ਰਿਕਟ ਅੰਡਰ-14 ਵਰਗ ਵਿੱਚ ਪਨਵ ਕਾਮਰਾ ਅਤੇ ਫਰਹਾਨ ਨਾਮਕ 2 ਲੜਕੇ ਜ਼ਿਲ੍ਹਾ ਪੱਧਰ ਲਈ ਚੁਣੇ ਗਏ। ਕ੍ਰਿਕਟ ਅੰਡਰ-17 ਲੜਕਿਆਂ ਦੇ ਵਰਗ ਵਿੱਚ ਤੀਜਾ ਸਥਾਨ ਹਾਸਲ ਕੀਤਾ ਅਤੇ 4 ਲੜਕੇ ਜ਼ਿਲ੍ਹਾ ਪੱਧਰ 'ਤੇ ਚੁਣੇ ਗਏ। ਕ੍ਰਿਕੇਟ ਅੰਡਰ-17 ਲੜਕੀਆਂ ਦੇ ਵਰਗ ਵਿੱਚ ਵਿਦਿਆਰਥਣਾਂ ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਜ਼ਿਲ੍ਹਾ ਪੱਧਰ 'ਤੇ ਚੁਣੇ ਗਏ।